ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

# ਆਵਾਜ਼ਿ ਕੌਮ

Awaze Qaum

(ਯੂ. ਕੇ. ਤੋਂ ਪ੍ਰਕਾਸ਼ਿਤ)

International Daily Newspaper & WEB TV

www.awazeqaumtv.com

Also On

Visit on facebook

https://www.facebook.com/awazeqaumtv/videos/194899582124531/

You Tube https://youtu.be/LQwolgxDu7I

awazeqaumtvpunjab@gmail.com

ਵੀਰਵਾਰ, 5 ਫਰਵਰੀ 2026 (ਨਾਨਕਸ਼ਾਹੀ ਸੰਮਤ : ੫੫੭, ੨੩ ਮਾਘ) ਸੰਪਾਦਕ : ਰਘਵੀਰ ਸਿੰਘ ਵਾਲਸਾਲ ਯੂ.ਕੇ., ਸੰਪਰਕ : +447458381111,+447976210161,+919729091243




## ਡੇਰਾ ਬਿਆਸ ਮੁਖੀ ਬਾਬਾ ਗੁਰਿੰਦਰ ਸਿੰਘ ਢਿੱਲੋਂ ਨੂੰ ਲੈ ਕੇ 'ਆਪ' ਆਗੂ ਦਾ ਵੱਡਾ ਬਿਆਨ

**ਅੰਮ੍ਰਿਤਸਰ, 4 ਫਰਵਰੀ (ਆਵਾਜ਼ਿ ਕੌਮ ਬਿਊਰੋ)**-ਡੇਰਾ ਬਿਆਸ ਮੁੱਖੀ ਬਾਬਾ ਗੁਰਿੰਦਰ ਸਿੰਘ ਢਿੱਲੋਂ ਵੱਲੋਂ ਬਿਕਰਮ ਮਜੀਠੀਆ ਨਾਲ ਜੇਲ੍ਹ ਵਿਚ ਕੀਤੀ ਮੁਲਾਕਾਤ ਨੂੰ ਲੈ ਕੇ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਅਤੇ ਮਜੀਠਾ ਤੋਂ ਉਮੀਦਵਾਰ ਤਲਬੀਰ ਸਿੰਘ ਗਿੱਲ ਨੇ ਵੱਡਾ ਬਿਆਨ ਦਿੱਤਾ ਹੈ। ਤਲਬੀਰ ਗਿੱਲ ਨੇ ਕਿਹਾ ਕਿ ਇਹ ਸਭ ਕੁੱਝ ਭਾਜਪਾ ਨੇ ਕਰਵਾਇਆ ਹੈ। ਸਭ ਜਾਣਦੇ ਹਨ ਕਿ ਬਾਬਾ ਜੀ ਜੇਲ੍ਹ ਵਿਚ ਕੀ ਕਰਨ ਗਏ ਸਨ। ਗਿੱਲ ਨੇ ਕਿਹਾ ਕਿ ਡੇਰਾ ਮੁੱਖੀ ਨੇ ਜਿਹੜੀਆਂ ਜੇਲ੍ਹ ਵਿਚ ਮਜੀਠੀਆ ਨਾਲ ਮੁਲਾਕਾਤਾਂ ਕੀਤੀਆਂ ਆਉਣ ਵਾਲੇ ਦਿਨਾਂ ਵਿਚ ਇਸ ਨੂੰ ਲੈ ਕੇ ਬਹੁਤ ਕੁਝ ਨਿਕਲ ਕੇ ਬਾਹਰ ਆਵੇਗਾ। ਇਥੇ ਹੀ ਬਸ ਨਹੀਂ, ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਡੇਰਾ ਮੁਖੀ 'ਤੇ ਕੀਤੇ ਟਵੀਟ 'ਤੇ ਗਿੱਲ ਨੇ ਕਿਹਾ ਕਿ ਭਗਵੰਤ ਮਾਨ ਨੇ ਟਵੀਟ ਵਿਚ ਕੁਝ ਵੀ ਗਲਤ ਨਹੀਂ ਕਿਹਾ। ਮਜੀਠੀਆ ਦੋਸ਼ੀ ਹੈ ਜਾਂ ਨਹੀਂ ਇਹ ਬਾਬਾ ਜੀ ਤੈਅ ਨਹੀਂ ਕਰਨਗੇ।



## ਜਹਾਜ਼ ਦੀ ਐਮਰਜੈਂਸੀ ਲੈਂਡਿੰਗ

# ਮਸਾਂ ਬਚੀਆਂ 236 ਜਾਨਾਂ

**ਕੋਲਕਾਤਾ, 4 ਫਰਵਰੀ (ਆਵਾਜ਼ਿ ਕੌਮ ਬਿਊਰੋ)**-ਕੋਲਕਾਤਾ ਹਵਾਈ ਅੱਡੇ 'ਤੇ ਅੱਜ ਉਸ ਸਮੇਂ ਹਫੜਾ-ਦਫੜੀ ਮਚ ਗਈ ਜਦੋਂ ਇੱਕ ਅੰਤਰਰਾਸ਼ਟਰੀ ਤੁਰਕੀ ਏਅਰਲਾਈਨਜ਼ ਦੀ ਉਡਾਣ ਨੂੰ ਐਮਰਜੈਂਸੀ ਲੈਂਡਿੰਗ ਕਰਨੀ ਪਈ। ਪਾਇਲਟ ਨੂੰ ਉਡਾਣ ਦੌਰਾਨ ਜਹਾਜ਼ ਦੇ ਸੱਜੇ ਇੰਜਣ ਵਿੱਚ ਅੱਗ ਲੱਗਣ ਦਾ ਸ਼ੱਕ ਹੋਇਆ, ਜਿਸ ਕਾਰਨ ਅਧਿਕਾਰੀਆਂ ਨੇ ਉਸਨੂੰ ਐਮਰਜੈਂਸੀ ਲੈਂਡਿੰਗ ਕਰਨ ਦੀ ਸਲਾਹ ਦਿੱਤੀ। ਜਹਾਜ਼, ਜਿਸ ਵਿੱਚ 236 ਲੋਕ ਸਵਾਰ ਸਨ, ਕਾਠਮੰਡੂ ਤੋਂ ਇਸਤਾਂਬੁਲ ਜਾ ਰਿਹਾ ਸੀ। ਰਸਤੇ ਵਿੱਚ, ਪਾਇਲਟ ਨੇ ਕੋਲਕਾਤਾ ਏਅਰ ਟ੍ਰੈਫਿਕ ਕੰਟਰੋਲ (ਏਟੀਸੀ) ਨੂੰ ਇੰਜਣ ਵਿੱਚ ਸਮੱਸਿਆ ਬਾਰੇ ਸੂਚਿਤ ਕੀਤਾ, ਜਿਸ ਨਾਲ ਪੂਰੀ ਐਮਰਜੈਂਸੀ ਲਾਗੂ ਹੋ ਗਈ। ਮੀਡੀਆ ਰਿਪੋਰਟਾਂ ਦੀ ਮੰਨੀਏ ਤਾਂ ਜਹਾਜ਼ ਨੇ ਬੁੱਧਵਾਰ ਦੁਪਹਿਰ 2:49 ਵਜੇ ਨੇਤਾਜੀ ਸੁਭਾਸ਼ ਚੰਦਰ ਬੋਸ ਅੰਤਰਰਾਸ਼ਟਰੀ ਹਵਾਈ ਅੱਡੇ (ਐਨਐਸਸੀਬੀਆਈ) 'ਤੇ ਐਮਰਜੈਂਸੀ ਲੈਂਡਿੰਗ ਕੀਤੀ। ਸਾਰੇ ਯਾਤਰੀ ਸੁਰੱਖਿਅਤ ਹਨ ਅਤੇ ਜਹਾਜ਼ ਦੀ ਪੂਰੀ ਜਾਂਚ ਕੀਤੀ ਜਾ ਰਹੀ ਹੈ। ਹਵਾਈ ਅੱਡੇ ਦੇ ਅਧਿਕਾਰੀਆਂ ਦੇ ਅਨੁਸਾਰ, ਐਮਰਜੈਂਸੀ ਲੈਂਡਿੰਗ ਤੋਂ ਬਾਅਦ ਜਹਾਜ਼ ਨੂੰ ਹਵਾਈ ਅੱਡੇ 'ਤੇ ਰੋਕ ਲਿਆ ਗਿਆ ਸੀ। ਐਨਐਸਸੀਬੀਆਈ ਹਵਾਈ ਅੱਡੇ ਦੇ ਡਾਇਰੈਕਟਰ ਨੇ ਪੁਸ਼ਟੀ ਕੀਤੀ ਕਿ ਜਹਾਜ਼ ਦੀ ਤਕਨੀਕੀ ਜਾਂਚ ਕੀਤੀ ਜਾ ਰਹੀ ਹੈ ਤਾਂ ਜੋ ਇਹ ਪਤਾ ਲਗਾਇਆ ਜਾ ਸਕੇ ਕਿ ਕੀ ਇੰਜਣ ਵਿੱਚ ਅਸਲ ਵਿੱਚ ਅੱਗ ਲੱਗੀ ਸੀ ਜਾਂ ਇਹ ਸਿਰਫ਼ ਇੱਕ ਚੇਤਾਵਨੀ ਸੰਕੇਤ ਸੀ।




ਹਵਾਬਾਜ਼ੀ ਸੂਤਰਾਂ ਦੇ ਅਨੁਸਾਰ, ਉਡਾਣ ਦੌਰਾਨ ਇੰਜਣ ਨਾਲ ਸਬੰਧਤ ਕਿਸੇ ਵੀ ਚੇਤਾਵਨੀ ਨੂੰ ਬਹੁਤ ਗੰਭੀਰਤਾ ਨਾਲ ਲਿਆ ਜਾਂਦਾ ਹੈ। ਪਾਇਲਟ ਦੀ ਚੌਕਸੀ ਅਤੇ ਸਮੇਂ ਸਿਰ ਫੈਸਲੇ ਨੇ ਇੱਕ ਸੰਭਾਵੀ ਵੱਡਾ ਹਾਦਸਾ ਟਲ ਗਿਆ। ਤਕਨੀਕੀ ਜਾਂਚ ਪੂਰੀ ਹੋਣ ਤੋਂ ਬਾਅਦ ਹੀ ਇਹ ਫੈਸਲਾ ਲਿਆ ਜਾਵੇਗਾ ਕਿ ਜਹਾਜ਼ ਉਡਾਣ ਜਾਰੀ ਰੱਖੇਗਾ ਜਾਂ ਯਾਤਰੀਆਂ ਨੂੰ ਵਿਕਲਪਿਕ ਪ੍ਰਬੰਧ ਪ੍ਰਦਾਨ ਕੀਤੇ ਜਾਣਗੇ। ਤੁਰਕੀ ਏਅਰਲਾਈਨਜ਼ ਤੋਂ ਇੱਕ ਵਿਸਤ੍ਰਿਤ ਬਿਆਨ ਦੀ ਉਡੀਕ ਹੈ।

## ਗੁਰਦੁਆਰਾ ਸ੍ਰੀ ਅੰਬ ਸਾਹਿਬ ਦੀ ਜ਼ਮੀਨ ਵੇਚਣ ਦਾ ਮਾਮਲਾ ਭਖਿਆ, ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕੀਤੀ ਇਹ ਸਖਤ ਕਾਰਵਾਈ

**ਅੰਮ੍ਰਿਤਸਰ, 4 ਫਰਵਰੀ (ਆਵਾਜ਼ਿ ਕੌਮ ਬਿਊਰੋ)**-ਗੁਰਦੁਆਰਾ ਸ੍ਰੀ ਅੰਬ ਸਾਹਿਬ ਪਾਤਸ਼ਾਹੀ ਸੱਤਵੀਂ ਲੰਬੇ ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੋਹਾਲੀ) ਦੀ ਪਿੰਡ ਸੈਣੀਮਾਜਰਾ (ਪ੍ਰੇਮਗੜ੍ਹ) ਵਿਖੇ ਪੈਂਦੀ 1 ਵਿਘਾ, 6 ਵਿਸਬੇ, 10 ਵਿਸਬਾਸੀਆਂ ਜ਼ਮੀਨ ਅਮਾਨਤ ਵਿੱਚ ਖਿਆਨਤ ਤੇ ਧੋਖਾਧੜੀ ਕਰਕੇ ਫ਼ਰਜ਼ੀ ਢੰਗ ਨਾਲ ਵੇਚਣ ਦੇ ਮਾਮਲੇ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਸਖ਼ਤ ਕਾਰਵਾਈ ਕਰਦਿਆਂ ਗੁਰਦੁਆਰਾ ਸਾਹਿਬ ਦੇ ਮੈਨੇਜਰ ਰਜਿੰਦਰ ਸਿੰਘ ਨੂੰ ਮੁਅੱਤਲ ਕਰਨ ਦੇ ਨਾਲ-ਨਾਲ ਮੈਨੇਜਰ ਵਿਰੁੱਧ ਕਾਨੂੰਨੀ ਕਾਰਵਾਈ ਕਰਨ ਦਾ ਆਦੇਸ਼ ਕੀਤਾ ਹੈ। ਜੇਕਰ ਮੈਨੇਜਰ ਤੋਂ ਇਲਾਵਾ ਕਿਸੇ ਹੋਰ ਵਿਅਕਤੀ ਦੀ ਵੀ ਇਸ ਮਾਮਲੇ ਵਿੱਚ ਸ਼ਮੂਲੀਅਤ ਪਾਈ ਜਾਂਦੀ ਹੈ ਤਾਂ ਉਨ੍ਹਾਂ ਵਿਰੁੱਧ ਵੀ ਵਿਭਾਗੀ ਤੇ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਇਸ ਮਾਮਲੇ ਵਿੱਚ ਵਧੇਰੀ ਜਾਂਚ ਲਈ ਸ਼੍ਰੋਮਣੀ ਕਮੇਟੀ ਦੇ ਮੈਂਬਰਾਂ 'ਤੇ ਅਧਾਰਤ ਇੱਕ ਕਮੇਟੀ ਬਣਾਈ ਗਈ ਹੈ ਅਤੇ ਮੈਨੇਜਰ ਵੱਲੋਂ ਕਰਵਾਈ ਗਈ ਰਜਿਸਟਰੀ ਨੂੰ ਰੱਦ ਕਰਨ ਦੀ ਕਾਰਵਾਈ ਵੀ ਸ਼ੁਰੂ ਕਰ ਦਿੱਤੀ ਗਈ ਹੈ। ਇਸ ਮਾਮਲੇ ਸਬੰਧੀ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਅੱਜ ਚੰਡੀਗੜ੍ਹ ਉਪ-ਦਫ਼ਤਰ ਵਿਖੇ ਪ੍ਰੈਸ ਵਾਰਤਾ ਦੌਰਾਨ ਕਿਹਾ ਕਿ ਸ਼੍ਰੋਮਣੀ ਕਮੇਟੀ ਦੇ ਕਿਸੇ ਵੀ ਅਧਿਕਾਰੀ ਜਾਂ ਗੁਰਦੁਆਰਾ ਸਾਹਿਬ ਦੇ ਮੈਨੇਜਰ ਨੂੰ ਇਹ ਅਧਿਕਾਰ ਨਹੀਂ ਹੈ ਕਿ ਉਹ ਆਪਣੇ ਪੱਧਰ ਉੱਤੇ ਗੁਰੂ ਘਰ ਨਾਲ ਸਬੰਧਤ ਕਿਸੇ ਜਾਇਦਾਦ ਨੂੰ ਵੇਚ ਸਕੇ। ਉਨ੍ਹਾਂ ਕਿਹਾ ਕਿ ਜੇਕਰ ਸਿੱਖ ਸੰਸਥਾ ਨੇ ਕੋਈ ਜ਼ਮੀਨ ਵੇਚਣੀ ਜਾਂ ਖਰੀਦਣੀ ਹੋਵੇ ਤਾਂ ਇਹ ਕਾਰਵਾਈ ਬਾਕਾਇਦਾ ਨਿਯਮਾਂ ਅਨੁਸਾਰ ਅੰਤ੍ਰਿੰਗ ਕਮੇਟੀ ਦੀ ਪ੍ਰਵਾਨਗੀ ਤੋਂ ਬਾਅਦ ਸਬੰਧਤ ਗੁਰਦੁਆਰਾ ਸਾਹਿਬ ਦੀ ਜਾਇਦਾਦ ਸਬ-ਕਮੇਟੀ ਰਾਹੀਂ ਹੀ ਕੀਤੀ ਜਾ ਸਕਦੀ ਹੈ।



## ਬਿੱਟੂ ਨੂੰ 'ਗੱਦਾਰ' ਕਹਿਣਾ ਪੂਰੇ ਸਿੱਖ ਭਾਈਚਾਰੇ ਦਾ ਅਪਮਾਨ'

**ਨਵੀਂ ਦਿੱਲੀ, 4 ਫਰਵਰੀ (ਆਵਾਜ਼ਿ ਕੌਮ ਬਿਊਰੋ)**-ਭਾਰਤੀ ਜਨਤਾ ਪਾਰਟੀ ਦੇ ਰਾਸ਼ਟਰੀ ਬੁਲਾਰੇ ਆਰ.ਪੀ. ਸਿੰਘ ਨੇ ਕਾਂਗਰਸ ਆਗੂ ਰਾਹੁਲ ਗਾਂਧੀ ਵੱਲੋਂ ਕੇਂਦਰੀ ਮੰਤਰੀ ਰਵਨੀਤ ਸਿੰਘ ਬਿੱਟੂ ਵਿਰੁੱਧ ਕੀਤੀ ਗਈ ਟਿੱਪਣੀ 'ਤੇ ਸਖ਼ਤ ਇਤਰਾਜ਼ ਪ੍ਰਗਟਾਇਆ ਹੈ। ਸਿੰਘ ਨੇ ਕਿਹਾ ਕਿ ਬਿੱਟੂ ਨੂੰ "ਦੇਸ਼ਧ੍ਰੋਹੀ ਮਿੱਤਰ" ਜਾਂ "ਗੱਦਾਰ" ਕਹਿਣਾ ਸਿਆਸੀ ਮਰਯਾਦਾ ਅਤੇ ਗਰਿਮਾ ਦੀਆਂ ਸਾਰੀਆਂ ਹੱਦਾਂ ਪਾਰ ਕਰਨ ਵਾਲਾ ਬਿਆਨ ਹੈ। ਆਰ.ਪੀ. ਸਿੰਘ ਅਨੁਸਾਰ, ਰਵਨੀਤ ਬਿੱਟੂ ਵੱਲੋਂ ਕਾਂਗਰਸ ਦੀ 'ਦਿਸ਼ਾਹੀਣ ਰਾਜਨੀਤੀ' ਛੱਡ ਕੇ ਪ੍ਰਧਾਨ ਮੰਤਰੀ ਮੋਦੀ ਦੀਆਂ ਵਿਕਾਸ ਨੀਤੀਆਂ ਨਾਲ ਜੁੜਨ ਕਾਰਨ ਰਾਹੁਲ ਗਾਂਧੀ ਡੂੰਘੀ ਖਿੱਝ ਵਿੱਚ ਹਨ। ਉਹਨਾਂ ਯਾਦ ਦਿਵਾਇਆ ਕਿ ਰਵਨੀਤ ਬਿੱਟੂ ਉਸ ਪਰਿਵਾਰ ਨਾਲ ਸਬੰਧ ਰੱਖਦੇ ਹਨ, ਜਿਨ੍ਹਾਂ ਦੇ ਦਾਦਾ (ਬੇਅੰਤ ਸਿੰਘ) ਨੇ ਅੱਤਵਾਦ ਵਿਰੁੱਧ ਲੜਦਿਆਂ ਦੇਸ਼ ਲਈ ਆਪਣੀ ਜਾਨ ਕੁਰਬਾਨ ਕੀਤੀ ਸੀ। ਅਜਿਹੇ ਸਿੱਖ ਆਗੂ ਨੂੰ ਦੇਸ਼ਧ੍ਰੋਹੀ ਕਹਿਣਾ ਉਹਨਾਂ ਦੀ ਸ਼ਹਾਦਤ ਦਾ ਅਪਮਾਨ ਹੈ। ਸਿੰਘ ਨੇ ਸਪੱਸ਼ਟ ਕੀਤਾ ਕਿ ਇੱਕ ਸਤਿਕਾਰਤ ਸਿੱਖ ਆਗੂ 'ਤੇ ਗੱਦਾਰੀ ਦਾ ਦੋਸ਼ ਲਗਾਉਣਾ ਸਿਰਫ਼ ਇੱਕ ਵਿਅਕਤੀ ਦਾ ਨਹੀਂ, ਸਗੋਂ ਸਮੁੱਚੇ ਸਿੱਖ ਭਾਈਚਾਰੇ ਦਾ ਅਪਮਾਨ ਹੈ। ਆਰ.ਪੀ. ਸਿੰਘ ਨੇ ਕਿਹਾ ਕਿ ਸਿੱਖ ਧਰਮ ਹਮੇਸ਼ਾ ਮਾਤ-ਭੂਮੀ ਪ੍ਰਤੀ ਅਟੁੱਟ ਪਿਆਰ ਅਤੇ ਤਿਆਗ ਦੀ ਸਿੱਖਿਆ ਦਿੰਦਾ ਹੈ। ਗੁਰੂ ਸਾਹਿਬਾਨ ਅਤੇ ਸਾਹਿਬਜ਼ਾਦਿਆਂ ਨੇ ਦੇਸ਼ ਅਤੇ ਧਰਮ ਦੀ ਰੱਖਿਆ ਲਈ ਕੁਰਬਾਨੀਆਂ ਦਿੱਤੀਆਂ ਹਨ। ਅੱਜ ਵੀ ਸਿੱਖ ਭਾਈਚਾਰਾ ਵੱਡੀ ਗਿਣਤੀ ਵਿੱਚ ਭਾਰਤੀ ਫੌਜ ਵਿੱਚ ਸ਼ਾਮਲ ਹੋ ਕੇ ਦੇਸ਼ ਦੀ ਸੁਰੱਖਿਆ ਕਰ ਰਿਹਾ ਹੈ। ਅਜਿਹੀ ਸੂਰਬੀਰਤਾ ਵਾਲੀ ਕੌਮ ਦੇ ਕਿਸੇ ਵੀ ਮੈਂਬਰ ਨੂੰ ਦੇਸ਼ਧ੍ਰੋਹੀ ਕਹਿਣਾ ਸਿੱਖ ਪਰੰਪਰਾਵਾਂ ਦੇ ਖਿਲਾਫ ਹੈ। ਭਾਜਪਾ ਆਗੂ ਨੇ ਰਾਹੁਲ ਗਾਂਧੀ ਨੂੰ ਨਿਸ਼ਾਨੇ 'ਤੇ ਲੈਂਦਿਆਂ ਕਿਹਾ ਕਿ ਇਸ ਤਰ੍ਹਾਂ ਦੀ ਸੋਚ ਅਤੇ ਮਾਨਸਿਕਤਾ ਕਾਰਨ ਹੀ 1984 ਵਿੱਚ ਸ੍ਰੀ ਹਰਿਮੰਦਰ ਸਾਹਿਬ ਦਾ ਅਪਮਾਨ ਹੋਇਆ ਸੀ। ਉਹਨਾਂ ਮੁਤਾਬਕ ਬਿਨਾਂ ਕਿਸੇ ਠੋਸ ਆਧਾਰ ਦੇ ਲਗਾਏ ਗਏ ਇਹ ਦੋਸ਼ ਸਿੱਖਾਂ ਦੀ ਦੇਸ਼ ਭਗਤੀ ਅਤੇ ਉਹਨਾਂ ਦੇ ਯੋਗਦਾਨ ਨੂੰ ਨੀਵਾਂ ਦਿਖਾਉਣ ਦੀ ਕੋਸ਼ਿਸ਼ ਹਨ।

ਜ਼ਿਕਰਯੋਗ ਹੈ ਕਿ ਸੰਸਦ ਕੰਪਲੈਕਸ ਵਿੱਚ ਅੱਜ ਬੁੱਧਵਾਰ ਨੂੰ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਅਤੇ ਕੇਂਦਰੀ ਮੰਤਰੀ ਰਵਨੀਤ ਸਿੰਘ ਬਿੱਟੂ ਦੇ ਵਿਚਕਾਰ ਤਿੱਖੀ ਬਹਿਸ ਹੋ ਗਈ। ਰਾਹੁਲ ਗਾਂਧੀ ਨੇ ਬਿੱਟੂ 'ਤੇ ਤਿੱਖਾ ਹਮਲਾ ਕਰਦਿਆਂ ਉਨ੍ਹਾਂ ਨੂੰ "ਗੱਦਾਰ" ਦੋਸਤ ਕਿਹਾ, ਜਿਸ 'ਤੇ ਭਾਜਪਾ ਨੇਤਾ ਨੇ ਤੁਰੰਤ ਜਵਾਬ ਦਿੱਤਾ। ਕੜਾ ਜਵਾਬ ਦਿੰਦਿਆਂ ਰਵਨੀਤ ਬਿੱਟੂ ਨੇ ਕਿਹਾ ਕਿ ਉਨ੍ਹਾਂ ਦਾ "ਦੇਸ਼ ਦੇ ਦੁਸ਼ਮਨਾਂ" ਨਾਲ ਕੋਈ ਸਬੰਧ ਨਹੀਂ ਹੈ।



## ਐਸ.ਐਸ.ਪੀ. ਪਟਿਆਲਾ ਦੀ ਵਾਇਰਲ ਆਡੀਓ ਮਾਮਲੇ 'ਚ ਹਾਈ ਕੋਰਟ ਦਾ ਅਹਿਮ ਫ਼ੈਸਲਾ

**ਚੰਡੀਗੜ੍ਹ, 4 ਫਰਵਰੀ (ਆਵਾਜ਼ਿ ਕੌਮ ਬਿਊਰੋ)**-ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਪਟਿਆਲਾ ਦੇ ਐੱਸ.ਐੱਸ.ਪੀ. ਦੀ ਵਾਇਰਲ ਆਡੀਓ ਮਾਮਲੇ ਵਿਚ ਇਕ ਵੱਡਾ ਫੈਸਲਾ ਸੁਣਾਉਂਦੇ ਹੋਏ ਇਸ ਦੀ ਜਾਂਚ ਪੰਜਾਬ ਸਰਕਾਰ ਦੇ ਅਧਿਕਾਰ ਖੇਤਰ ਤੋਂ ਬਾਹਰ CFSL ਚੰਡੀਗੜ੍ਹ ਨੂੰ ਤਬਦੀਲ ਕਰ ਦਿੱਤੀ ਹੈ। ਇਸ ਮਾਮਲੇ ਸਬੰਧੀ ਸ਼੍ਰੋਮਣੀ ਅਕਾਲੀ ਦਲ ਦੇ ਲੀਗਲ ਸੈੱਲ ਵੱਲੋਂ ਇਕ ਪ੍ਰੈੱਸ ਕਾਨਫਰੰਸ ਕੀਤੀ ਗਈ, ਜਿਸ ਵਿਚ ਹਾਈ ਕੋਰਟ ਦੇ ਸੀਨੀਅਰ ਵਕੀਲਾਂ ਨੇ ਅਦਾਲਤ ਦੇ ਇਸ ਫ਼ੈਸਲੇ ਦਾ ਸਵਾਗਤ ਕੀਤਾ।



ਪ੍ਰੈੱਸ ਕਾਨਫ਼ਰੰਸ ਦੌਰਾਨ ਸੰਬੋਧਨ ਕਰਦਿਆਂ ਸ਼੍ਰੋਮਣੀ ਅਕਾਲੀ ਦਲ ਦੇ ਬੁਲਾਰੇ ਐਡਵੋਕੇਟ ਅਰਸ਼ਦੀਪ ਕਲੇਰ, ਐਡਵੋਕੇਟ ਪਰਮਵੀਰ ਸੰਨੀ ਅਤੇ ਐਡਵੋਕੇਟ ਗੁਰਸਿਮਰਨ ਸਿੰਘ ਨੇ ਦੱਸਿਆ ਕਿ ਦਸੰਬਰ ਵਿਚ ਜ਼ਿਲ੍ਹਾ ਪ੍ਰੀਸ਼ਦ ਅਤੇ ਬਲਾਕ ਸੰਮਤੀ ਦੀਆਂ ਚੋਣਾਂ ਦੌਰਾਨ ਪਟਿਆਲਾ ਦੇ ਐੱਸ.ਐੱਸ.ਪੀ. ਦੀ ਇਕ ਆਡੀਓ ਵਾਇਰਲ ਹੋਈ ਸੀ, ਜਿਸ ਵਿਚ ਉਹ ਕਥਿਤ ਤੌਰ 'ਤੇ ਐੱਸ.ਪੀ., ਡੀ.ਐੱਸ.ਪੀ. ਅਤੇ ਐੱਸ.ਐੱਚ.ਓ. ਨੂੰ ਇਹ ਹਦਾਇਤਾਂ ਦੇ ਰਹੇ ਸਨ ਕਿ ਵਿਰੋਧੀ ਧਿਰਾਂ ਦੇ ਉਮੀਦਵਾਰਾਂ ਨੂੰ ਨੋਮੀਨੇਸ਼ਨ ਸੈਂਟਰਾਂ ਤੱਕ ਪਹੁੰਚਣ ਤੋਂ ਰੋਕਿਆ ਜਾਵੇ।

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਇਸ ਆਡੀਓ ਨੂੰ ਜਨਤਕ ਕੀਤਾ ਸੀ, ਜਿਸ ਤੋਂ ਬਾਅਦ ਲੀਗਲ ਸੈੱਲ ਨੇ ਸਟੇਟ ਇਲੈਕਸ਼ਨ ਕਮਿਸ਼ਨਰ ਰਾਜ ਕਮਲ ਚੌਧਰੀ ਕੋਲ ਸ਼ਿਕਾਇਤ ਦਰਜ ਕਰਵਾਈ ਸੀ। ਹਾਲਾਂਕਿ, ਪਟਿਆਲਾ ਦੇ ਡੀ.ਆਈ.ਜੀ. ਨੇ ਅੱਧੇ ਘੰਟੇ ਦੇ ਅੰਦਰ ਹੀ ਇਸ ਨੂੰ 19 ਕੰਟੈਂਟ ਘੋਸ਼ਿਤ ਕਰਕੇ ਅਣਪਛਾਤੇ ਲੋਕਾਂ ਵਿਰੁੱਧ ਪਰਚਾ ਦਰਜ ਕਰ ਦਿੱਤਾ ਸੀ। ਅਕਾਲੀ ਦਲ ਨੇ ਦੋਸ਼ ਲਾਇਆ ਕਿ ਜਾਂਚ ਕਰਨ ਦੀ ਬਜਾਏ ਪੁਲਸ ਨੇ ਆਡੀਓ ਨੂੰ ਸੋਸ਼ਲ ਮੀਡੀਆ ਤੋਂ ਹਟਾਉਣ ਅਤੇ ਸ਼ਿਕਾਇਤਕਰਤਾਵਾਂ ਨੂੰ ਹੀ ਨੋਟਿਸ ਭੇਜਣ 'ਤੇ ਜ਼ੋਰ ਦਿੱਤਾ।

ਅਰਸ਼ਦੀਪ ਕਲੇਰ ਨੇ ਦੱਸਿਆ ਕਿ ਹਾਈ ਕੋਰਟ ਦੇ ਚੀਫ਼ ਜਸਟਿਸ ਨੇ ਮਾਮਲੇ ਦੀ ਗੰਭੀਰਤਾ ਨੂੰ ਦੇਖਦੇ ਹੋਏ ਕਿਹਾ ਕਿ ਸਟੇਟ ਇਲੈਕਸ਼ਨ ਕਮਿਸ਼ਨ ਇਕ ਸੁਤੰਤਰ ਸੰਸਥਾ ਲੱਗਣੀ ਚਾਹੀਦੀ ਹੈ, ਨਾ ਕਿ ਸਰਕਾਰ ਦੇ ਪ੍ਰਭਾਵ ਹੇਠ ਕੰਮ ਕਰਨ ਵਾਲੀ। ਅਦਾਲਤ ਨੇ ਹੈਰਾਨੀ ਜਤਾਈ ਕਿ 10 ਦਸੰਬਰ ਦੇ ਹੁਕਮਾਂ ਦੇ ਬਾਵਜੂਦ, ਜਿਸ ਵਿਚ ਜਾਂਚ ਕਿਸੇ ਸੁਤੰਤਰ ਏਜੰਸੀ ਤੋਂ ਕਰਵਾਉਣ ਦੀ ਉਮੀਦ ਜਤਾਈ ਗਈ ਸੀ, ਚੋਣ ਕਮਿਸ਼ਨ ਨੇ ਇਸ ਨੂੰ ਮੁੜ ਪੰਜਾਬ ਦੀ ਲੈਬਾਰਟਰੀ ਨੂੰ ਹੀ ਭੇਜਿਆ।

ਅਕਾਲੀ ਦਲ ਦੇ ਬੁਲਾਰੇ ਅੱਗੇ ਨੇ ਦੱਸਿਆ ਕਿ ਅਦਾਲਤ ਨੇ ਹੁਣ ਇਸ ਆਡੀਓ ਦੀ ਜਾਂਚ ਕਰਨ ਲਈ ਇਸ ਨੂੰ ਸੀ.ਐੱਫ.ਐੱਸ.ਐੱਲ. ਚੰਡੀਗੜ੍ਹ ਭੇਜ ਦਿੱਤਾ ਹੈ। ਉਨ੍ਹਾਂ ਉਮੀਦ ਜਤਾਈ ਕਿ ਨਿਰਪੱਖ ਜਾਂਚ ਤੋਂ ਬਾਅਦ ਸੰਵਿਧਾਨ ਦੀ ਉਲੰਘਣਾ ਕਰਨ ਵਾਲੇ ਅਫਸਰਾਂ ਵਿਰੁੱਧ ਸਖ਼ਤ ਕਾਰਵਾਈ ਹੋਵੇਗੀ। ਵਕੀਲਾਂ ਅਨੁਸਾਰ ਇਹ ਲੜਾਈ ਸਿਰਫ ਕਿਸੇ ਪਾਰਟੀ ਦੀ ਨਹੀਂ, ਬਲਕਿ ਲੋਕਤੰਤਰ ਅਤੇ ਸੰਵਿਧਾਨ ਨੂੰ ਬਚਾਉਣ ਦੀ ਹੈ।

## ਸੁਖਬੀਰ ਬਾਦਲ ਨੇ ਸੱਦੀ ਅਹਿਮ ਮੀਟਿੰਗ ! ਬਿਕਰਮ ਮਜੀਠੀਆ ਦੀ ਰਿਹਾਈ ਤੋਂ ਬਾਅਦ ਹੋ ਸਕਦਾ ਵੱਡਾ ਐਲਾਨ ?

**ਚੰਡੀਗੜ੍ਹ, 4 ਫਰਵਰੀ (ਆਵਾਜ਼ਿ ਕੌਮ ਬਿਊਰੋ)**-ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕੋਰ ਕਮੇਟੀ ਦੀ ਅਹਿਮ ਮੀਟਿੰਗ ਸੱਦੀ ਹੈ। ਇਹ ਮੀਟਿੰਗ ਵੀਰਵਾਰ ਨੂੰ ਸੱਦੀ ਗਈ ਹੈ। ਦੱਸ ਦਈਏ ਕਿ ਇਹ ਮੀਟਿੰਗ 5 ਫਰਵਰੀ ਨੂੰ ਸਵੇਰੇ 11 ਵਜੇ ਚੰਡੀਗੜ੍ਹ ਸਥਿਤ ਪਾਰਟੀ ਦੇ ਮੁੱਖ ਦਫਤਰ ਵਿਖੇ ਹੋਵੇਗੀ। ਇਸ ਸਬੰਧੀ ਪਾਰਟੀ ਦੇ ਸੀਨੀਅਰ ਆਗੂ ਅਤੇ ਬੁਲਾਰੇ ਦਲਜੀਤ ਚੀਮਾ ਨੇ ਜਾਣਕਾਰੀ ਦਿੱਤੀ ਹੈ। ਦੱਸ ਦਈਏ ਕਿ ਬਿਕਰਮ ਮਜੀਠੀਆ ਦੀ ਜੇਲ੍ਹ ਤੋਂ ਰਿਹਾਈ ਤੋਂ ਬਾਅਦ ਅਕਾਲੀ ਦਲ ਦੀ ਇਹ ਪਹਿਲੀ ਮੀਟਿੰਗ ਹੈ। ਸੂਤਰਾਂ ਮੁਤਾਬਕ ਬਿਕਰਮ ਮਜੀਠੀਆ ਵੀ ਇਸ ਪਾਰਟੀ ਵਿੱਚ ਸ਼ਾਮਲ ਹੋ ਸਕਦੇ ਹਨ।



**ਸੁਖਬੀਰ ਬਾਦਲ ਨੇ ਸ਼ੁਰੂ ਕੀਤੀ 'ਪ੍ਰਾਊਡ ਟੂ ਬੀ' ਅਕਾਲੀ ਮੁਹਿੰਮ, 'ਆਪ' 'ਤੇ ਵਿੰਨ੍ਹੇ ਨਿਸ਼ਾਨੇ :** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਜ਼ਿਲ੍ਹੇ ਦੇ ਪਿੰਡ ਬਹਿਰਾਮ ਵਿੱਖੇ ਅੱਜ "ਪ੍ਰਾਊਡ ਟੂ ਬੀ" ਅਕਾਲੀ ਮੁਹਿੰਮ ਦੀ ਸ਼ੁਰੂਆਤ ਕੀਤੀ। ਇਸ ਮੌਕੇ 'ਤੇ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਪੰਜਾਬ ਸਰਕਾਰ ਹਰ ਫਰੰਟ ਤੋਂ ਫੇਲ੍ਹ ਸਿੱਧ ਹੋਈ ਹੈ। ਉਨ੍ਹਾਂ ਕਿਹਾ ਪੰਜਾਬ ਦੀ ਮੌਜੂਦਾ ਸਰਕਾਰ ਨੇ ਸੂਬੇ ਨੂੰ ਤਰੱਕੀ ਦੀ ਪਟੜੀ ਤੋਂ ਥੱਲੇ ਉਤਾਰ ਦਿੱਤਾ ਹੈ। ਪੰਜਾਬ ਕਈ ਸਾਲ ਪਿੱਛੇ ਚਲਾ ਗਿਆ ਹੈ। ਉਨ੍ਹਾਂ ਕਿਹਾ ਪੰਜਾਬ ਦੇ ਸਾਰੇ ਵਰਗ ਪੰਜਾਬ ਦੀ ਮੌਜੂਦਾ ਸਰਕਾਰ ਤੋਂ ਦੁਖ਼ੀ ਮਹਿਸੂਸ ਕਰ ਰਹੇ ਹਨ ਅਤੇ ਮੌਜੂਦਾ ਸਰਕਾਰ ਚਲਦਾ ਕਰਨ ਲਈ ਤਿਆਰ ਬੈਠੇ ਹਨ। ਇਸ ਦੌਰਾਨ ਪਾਰਟੀ ਪ੍ਰਧਾਨ ਸੁਖਵੀਰ ਬਾਦਲ ਨਵਦੀਪ ਸਿੰਘ ਅਨੋਖਰੋਵਾਲ ਦੇ ਬੇਟੇ ਦੀ ਦਸਤਾਰਬੰਦੀ ਮੌਕੇ ਪਿੰਡ ਅਨੌਖਰਵਾਲ ਵਿੱਖੇ ਉਨ੍ਹਾਂ ਦੇ ਗ੍ਰਹਿ 'ਤੇ ਵੀ ਪਹੁੰਚੇ ਅਤੇ ਪਰਿਵਾਰ ਨੂੰ ਸ਼ੁੱਭਕਾਮਨਾਵਾਂ ਦਿੱਤੀਆਂ। ਇਸ ਮੌਕੇ ਜ਼ਿਲ੍ਹਾ ਪ੍ਰਧਾਨ ਸੁਖਦੀਪ ਸਿੰਘ ਸ਼ੁਕਾਰ, ਜ਼ਿਲ੍ਹਾ ਅਬਜਰਵਰ ਕਮਲ ਚੇਤਲੀ,ਹਲਕਾ ਇੰਚਾਰਜ ਨਵਾਂਸ਼ਹਿਰ ਜਰਨੈਲ ਸਿੰਘ ਵਾਹਿਦ, ਐੱਸ. ਜੀ. ਪੀ. ਸੀ. ਮੈਂਬਰ ਗੁਰਬਖਸ਼ ਸਿੰਘ ਖਾਲਸਾ, ਸਤਨਾਮ ਸਿੰਘ ਲਾਦੀਆਂ, ਰਮਨ ਨੰਦ ਲਾਲ ਚੌਧਰੀ, ਜ਼ਿਲ੍ਹਾ ਪ੍ਰਧਾਨ ਯੂਥ ਅਕਾਲੀ ਦਲ ਸੰਦੀਪ ਕੁਮਾਰ (ਹਨੀ ਟੋਸਾ), ਜ਼ਿਲ੍ਹਾ ਪ੍ਰਧਾਨ ਬੀ. ਸੀ. ਵਿੰਗ ਸਚਿਨ ਕੁਮਾਰ ਸ਼ਾਹਪੁਰ ਪੱਟੀ, ਪਰਮ ਸਿੰਘ ਖਾਲਸਾ, ਹਰਪ੍ਰੀਤ ਸਿੰਘ ਖਾਰਾ, ਦਿਨੇਸ਼ ਕੁਮਾਰ (ਡੀ. ਈ. ਓ), ਸੁਰਿੰਦਰ ਸਿੰਘ ਮਹਿਰਮਪੁਰ, ਅਵਤਾਰ ਸਿੰਘ, ਅਜਮੇਰ ਸਿੰਘ ਭਾਰਾਪੁਰ ਅਤੇ ਵੱਡੀ ਗਿਣਤੀ ਵਿੱਚ ਅਕਾਲੀ ਵਰਕਰ ਮੌਜੂਦ ਸਨ।

ਮਨੁੱਖਤਾ ਦੀ ਸੇਵਾ ਹੀ ਸਭ ਤੋਂ ਵੱਡਾ ਧਰਮ ਹੈ ॥

# ਏਕ ਨੂਰ ਸਵੈ-ਸੇਵੀ ਸੰਸਥਾ ਰਜਿ:, ਪਠਲਾਵਾ

ਪਿੰਡ ਪਠਲਾਵਾ, ਜ਼ਿਲਾ ਸ਼ਹੀਦ ਭਗਤ ਸਿੰਘ ਨਗਰ ਵਲੋਂ

**ਧੰਨ ਧੰਨ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350 ਸਾਲਾਂ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ**

# 28ਵਾਂ ਸਲਾਨਾ ਸਹਾਇਤਾ ਵੰਡ ਸਮਾਗਮ

## ਪ੍ਰੋਗਰਾਮ

ਆਵਾਜ਼ਿ ਕੌਮ AWAZE QAUM International Newspaper & WEB TV

ਮਿਤੀ : 11 ਫਰਵਰੀ 2026, ਦਿਨ ਬੁੱਧਵਾਰ ।

ਸਹਾਇਤਾ ਵੰਡ ਸਮਾਗਮ : ਸਵੇਰੇ 10:00 ਵਜੇ ਤੋਂ ਬਾਅਦ ਦੁਪਹਿਰ 3:00 ਵਜੇ ਤੱਕ ।

ਸਥਾਨ : **ਗਰਾਂਊਂਡ ਮਿਡਲ ਸਕੂਲ, ਪਿੰਡ ਐਮਾਂ ਜੱਟਾਂ, ਜ਼ਿਲਾ ਹੁਸ਼ਿਆਰਪੁਰ ਵਿਖੇ ।**

ਉਦਘਾਟਨ : ਸੰਤ ਬਾਬਾ ਗੁਰਬਚਨ ਸਿੰਘ ਜੀ ਪਠਲਾਵੇ ਵਾਲੇ, ਯੋਗੀ ਦੇਵੀ ਨਾਥ ਐਮਾਂ ਜੱਟਾਂ ।

ਮੁੱਖ ਮਹਿਮਾਨ : ਸ: ਜਗਤਾਰ ਸਿੰਘ ਸਟੇਟ ਟੈਕਸ ਅਫ਼ਸਰ ਹੁਸ਼ਿਆਰਪੁਰ ।

ਵਿਸ਼ੇਸ਼ ਮਹਿਮਾਨ:
ਪਦਮਸ਼੍ਰੀ ਮਾਤਾ ਪ੍ਰਕਾਸ਼ ਕੌਰ ਜੀ, ਮੁੱਖ ਸੰਚਾਲਿਕਾ ਯੂਨੀਕ ਹੋਮ, ਭਾਈ ਘੱਨਈਆ ਜੀ ਚੈਰੀਟੇਬਲ ਟਰੱਸਟ ਜਲੰਧਰ ।
ਸ: ਅਮਰੀਕ ਸਿੰਘ (ਨਿਸ਼ਕਾਮ ਟਿਫਨ ਸੇਵਾ ਸੁਸਾਇਟੀ, ਗੁਰੂ ਕੀ ਰਸੋਈ ਨਵਾਂਸ਼ਹਿਰ
ਸ਼੍ਰੀ ਯੋਗ ਰਾਜ ਮੈਰਾ, ਡਾਇਰੈਕਟਰ ਫਾਈਨਾਂਸੀਅਲ ਐਡਵਾਈਜ਼ਰ ਡਿਪਾਰਟਮੈਂਟ ਆਫ ਪੋਸਟ ਮਨੀਸੀਟਰੀ ਆਫ ਕੁਮਿਨੀਕੇਸ਼ਨ ਭਾਰਤ ਸਰਕਾਰ
ਸੰਤ ਬਾਬਾ ਚਰਨਜੀਤ ਸਿੰਘ ਜੀ ਜੱਸੋਵਾਲ ਮੈਂਬਰ SGPC ਅੰਮ੍ਰਿਤਸਰ, ਸ: ਦਲਜੀਤ ਸਿੰਘ ਖੱਖ, ਡੀ.ਐਸ.ਪੀ, ਗੜ੍ਹਸ਼ੰਕਰ।
ਉਪਕਾਰ ਕੋਆਰਡੀਨੇਸ਼ਨ ਸੁਸਾਇਟੀ ਅਤੇ ਬੀ.ਡੀ.ਸੀ. ਨਵਾਂਸ਼ਹਿਰ ।
ਸ: ਸੁਰਜੀਤ ਸਿੰਘ (ਮੁੱਖ ਪ੍ਰਬੰਧਕ ਗੁਰੂ ਨਾਨਕ ਮਿਸ਼ਨ ਸੇਵਾ ਸੁਸਾਇਟੀ, ਨਵਾਂਸ਼ਹਿਰ
ਹਰਸੇਵਾ ਮੈਡੀਕਲ ਟਰੱਸਟ, ਯੂ.ਕੇ. ਮੋਰਾਂਵਾਲੀ ।, ਗ੍ਰੀਨ ਵਿਲੇਜ਼ ਸੁਸਾਇਟੀ, ਬੀਣੇਵਾਲ ।
ਉਪਕਾਰ ਐਜੂਕੇਸ਼ਨਲ ਐਂਡ ਚੈਰੀਟੇਬਲ ਟਰੱਸਟ, ਗੜ੍ਹਸ਼ੰਕਰ ।
ਮਾਤਾ ਅਮਰ ਕੌਰ, ਚਰਨ ਕੌਰ ਵੈਲਫੇਅਰ ਸੁਸਾਇਟੀ, ਭੂੰਗਰਨੀ, ਹੁਸ਼ਿਆਰਪੁਰ।
ਲੈਕ: ਰਜਿੰਦਰ ਕੁਮਾਰ ਸ਼ਰਮਾ, ਬੰਗਾ।, ਸਮਾਜ ਭਲਾਈ ਸਵੈ-ਸੇਵੀ ਸੰਸਥਾ, ਪਿੰਡ ਸੁੱਜੋਂ ।
ਗੁਰੂ ਨਾਨਕ ਮਿਸ਼ਨ ਇੰਟਰਨੈਸ਼ਨਲ ਚੈਰੀਟੇਬਲ ਹਸਪਤਾਲ ਕੁਲਪੁਰ, ਨਵਾਂਗਰਾ ।
ਸ: ਜਤਿੰਦਰ ਸਿੰਘ ਲਾਡੀ ਸਭ ਦਾ ਭਲਾ ਚੈਰੀਟੇਬਲ ਹਸਪਤਾਲ, ਸ਼ਿਕਾਰ ਮਾਸ਼ੀਆਂ (ਗੁਰਦਾਸਪੁਰ)
ਰਵਿੰਦਰ ਕੌਰ ਕਨੇਡਾ ਐਮਾਂ ਜੱਟਾਂ, ਸੁਰਿੰਦਰ ਸਿੰਘ ਯੂ.ਕੇ. ਐਮਾਂ ਜੱਟਾਂ,
ਡਾ: ਪਰਮਿੰਦਰ ਸਿੰਘ ਪ੍ਰਿੰਸੀਪਲ ਗੁਰੂ ਗੋਬਿੰਦ ਸਿੰਘ ਖਾਸਲਾ ਕਾਲਜ, ਮਾਹਿਲਪੁਰ ।
ਡਾ: ਤਰਸੇਮ ਸਿੰਘ ਭਿੰਡਰ ਪ੍ਰਿੰਸੀਪਲ ਸਿੱਖ ਨੈਸ਼ਨਲ ਕਾਲਜ, ਬੰਗਾ ।

ਇਸ ਮੌਕੇ ਤੇ ਧਾਰਮਿਕ ਪੁਸਤਕਾਂ ਦਾ ਲੰਗਰ ਲਗਾਇਆ ਜਾਵੇਗਾ ।

ਲਾਈਵ ਚੈਨਲ ਮਿਸਟਰ ਸਿੰਘ ਪ੍ਰੋਡੈਕਸ਼ਨ ਟੀ.ਵੀ. ਚੈਨਲ ਤੇ ਲਾਈਵ ਹੋਵੇਗਾ ।

ਸਨਮਾਨਿਤ ਸਖਸ਼ੀਅਤਾਂ ਅਤੇ ਸੰਸਥਾਵਾਂ
ਮੇਜ਼ਰ ਮਨਦੀਪ ਸਿੰਘ ਵੈਲਫੇਅਰ ਸੁਸਾਇਟੀ ਨਵਾਂਸ਼ਹਿਰ ।
ਸ: ਕੁਲਵਿੰਦਰ ਸਿੰਘ ਢਾਹਾਂ ਪ੍ਰਧਾਨ, ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜੂਕੇਸ਼ਨਲ ਟਰੱਸਟ, ਢਾਹਾਂ ਕਲੇਰਾਂ ।
ਡਾ: ਕਸ਼ਮੀਰ ਚੰਦ ਐਮ.ਐਸ. ਪੀ.ਸੀ.ਐਮ.ਐਸ.-1, ਸਰਜੀਕਲ ਸਪੈਸ਼ਲਿਸਟ, ਐਮ.ਜੇ. ਲਾਈਫ ਹਸਪਤਾਲ, ਬੰਗਾ
ਡਾ: ਨਿਰਮਲ ਕੁਮਾਰ, ਐਸ.ਐਮ.ਓ. ਸੀ.ਐਚ.ਸੀ. ਬੀਣੇਵਾਲ, ਰਿਟਾਇਰ ਪ੍ਰਿੰਸੀਪਲ ਜਗਮੋਹਨ ਸਿੰਘ ਡਾਂਡੀਆਂ ।
ਰਿਟਾਇਰ ਵਾਈਸ ਚਾਂਸਲਰ ਧਰਮਜੀਤ ਸਿੰਘ ਪਰਮਾਰ ਸੰਤ ਬਾਬਾ ਭਾਗ ਸਿੰਘ ਯੂਨੀਵਰਸਿਟੀ

ਸਿਲਾਈ ਮਸ਼ੀਨਾਂ ਦੀ ਵੰਡ : ਆਰਥਿਕ ਪੱਖ ਤੋਂ ਕਮਜ਼ੋਰ ਲੜਕੀਆਂ/ਵਿਧਵਾਵਾਂ ਨੂੰ ਸਿਲਾਈ ਮਸ਼ੀਨਾਂ ਦਿੱਤੀਆਂ ਜਾਣਗੀਆਂ ।
ਵੀਹਲ ਚੇਅਰ/ਟ੍ਰਾਈ ਸਾਇਕਲ ਦੀ ਵੰਡ: ਸਰੀਰਕ ਤੌਰ ਤੇ ਅਪੰਗ ਵਿਅਕਤੀਆਂ ਨੂੰ ਪ੍ਰਦਾਨ ਕੀਤੇ ਜਾਣਗੇ।

**ਸਿੱਖ ਵਿਦਵਾਨ ਗਿਆਨੀ ਬਲਕਾਰ ਸਿੰਘ ਜੀ ਦਮਦਮੀ ਟਕਸਾਲ ਵਾਲੇ ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਜੀਵਨੀ ਤੇ ਚਾਨਣਾਂ ਪਾਉਣਗੇ ।**

ਅਜ਼ਾਦ ਰੰਗਮੰਚ ਰਜਿ: ਕਲਾ ਭਵਨ ਫਗਵਾੜਾ ਵਲੋਂ ਬੀਬੀ ਕੁਲਵੰਤ ਦੇ ਨਿਰਦੇਸ਼ਨਾ ਤਹਿਤ "ਗੁਰੂ ਤੇਗ ਬਹਾਦਰ ਬੋਲਿਆ" ਨਾਟਕ ਪੇਸ਼ ਕੀਤਾ ਜਾਵੇਗਾ ।

ਆਪ ਜੀ ਨੂੰ ਇਸ ਸਮਾਗਮ ਵਿੱਚ ਪਹੁੰਚਣ ਲਈ ਨਿੱਘਾ ਸੱਦਾ ਦਿੱਤਾ ਜਾਂਦਾ ਹੈ ।


ਚਾਹ ਪਕੌੜੇ ਅਤੇ ਗੁਰੂ ਕਾ ਲੰਗਰ ਅਤੁੱਟ ਵਰਤੇਗਾ ।

ਉਡੀਕਵਾਨ : ਸਮੂਹ ਆਹੁਦੇਦਾਰ ਅਤੇ ਮੈਂਬਰਾਨ ਏਕ ਨੂਰ ਸਵੈ-ਸੇਵੀ ਸੰਸਥਾ (ਰਜਿ:) ਪਠਲਾਵਾ, ਗ੍ਰਾਮ ਪੰਚਾਇਤ ਅਤੇ ਸਮੂਹ ਨਗਰ ਨਿਵਾਸੀ ਪਿੰਡ ਐਮਾਂ ਜੱਟਾਂ (ਹੁਸ਼ਿਆਰਪੁਰ)

ਮੋਬਾ: 98153-48143, 98140-23547

ਛਾਪਕ : ਸੱਲ੍ਹਣ ਪ੍ਰਿੰਟਿੰਗ ਪ੍ਰੈਸ, ਬੰਗਾ # 94646-34793, 98159-01698











**ਪੰਜਾਬੀ ਸਿੱਖੋ, ਪੰਜਾਬੀ ਪੜ੍ਹੋ, ਪੰਜਾਬੀ ਬੋਲੋ, ਮਾਂ ਬੋਲੀ ਪੰਜਾਬੀ ਅਤੇ ਆਪਣੇ ਪੰਜਾਬ ਨੂੰ ਪਿਆਰ ਕਰੋ**

## ਸਮੂਹ ਪੱਤਰਕਾਰ/ਲੇਖਕਾਂ ਦੇ ਧਿਆਨ ਹਿਤ

ਸਮੂਹ ਪੱਤਰਕਾਰਾਂ/ਲੇਖਕਾਂ ਨੂੰ ਅਪੀਲ ਹੈ ਕਿ ਉਹ ਆਪਣੀਆ ਖ਼ਬਰਾਂ, ਇਸ਼ਤਿਹਾਰ ਅਤੇ ਹੋਰ ਸਮੱਗਰੀ ਸ਼ੁੱਧ ਪੰਜਾਬੀ ਵਿੱਚ ਕੰਪੋਜ਼ ਕਰਕੇ ਭੇਜਣ। ਬਿਨਾਂ ਕੰਪੋਜ਼ ਕੀਤੀਆਂ ਗਈਆਂ ਖ਼ਬਰਾਂ, ਲੇਖ ਜਾਂ ਹੋਰ ਕਿਸੇ ਵੀ ਪ੍ਰਕਾਰ ਦੇ ਮੈਟਰ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ। -ਸੰਪਾਦਕ



Vehicle360
Professional Car Repairs & Servicing
West Bromwich
CAR SERVICES – ALL MAKES & MODELS
FREE VEHICLE HEALTH CHECK
Full & Interim Servicing
Diagnostics & Fault Finding
Clutches & Gearboxes
Timing Chains & Cambelts
DPF & Engine Repairs
Brakes, Suspension & Exhausts
Experienced mechanics
(7–10 years)
Honest advice & fair pricing
Quality / OEM parts used
CALL NOW: 0121 269 9586
12 Ridgacre Rd, West Bromwich, B71 1DB
Your local trusted garage
ਆਵਾਜ਼ਿ ਕੌਮ AWAZE QAUM
International Newspaper & WEB TV

# ਗੁਰਮੱਤ ਵਿੱਚ ਪੰਜ ਸਿੰਘਾਂ ਦੀ ਮਹੱਤਤਾ






ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਪੰਜ ਪਿਆਰੇ ਥਾਪ ਕੇ ਫਿਰ ਉਨ੍ਹਾ ਪੰਜਾਂ ਤੋਂ ਅੰਮ੍ਰਿਤ ਛੱਕ ਕੇ ਪੰਜ ਸਿੰਘਾਂ ਨੂੰ ਪੰਥ ਹੋਣ ਦਾ ਮਾਣ ਬਖਸ਼ਿਆ। ਜਾਣੀ ਕਿ ਜੇ ਕੋਈ ਸਮੁੱਚੇ ਪੰਥ ਦੀ ਸੇਵਾ ਕਰਨੀ ਚਾਹੇ ਤਾਂ ਉਹ ਕਦੇ ਵੀ ਨਹੀਂ ਕਰ ਸਕਦਾ/ਸਕਦੀ।ਪਰ ਤਿਆਰ ਬਰ ਤਿਆਰ ਪੰਜ ਸਿੰਘਾਂ ਦੀ ਸੇਵਾ ਕਰਕੇ ਜਿਵੇਂ ਕਿ ਪ੍ਰਸ਼ਾਦਾ ਛਕਾਉਣਾ ਬਸਤਰ ਆਦਿ ਦੇਣੇ ਜਾਂ ਚਰਨ ਧੋਣ ਦੀ ਸੇਵਾ ਕਰਨੀ ਇਹ ਮਾਨੋ ਸਮੁੱਚੇ ਪੰਥ ਦੀ ਹੀ ਸੇਵਾ ਹੋ ਜਾਂਦੀ ਹੈ।

ਪੰਜਾਂ ਸਿੰਘਾ ਦੀ ਕੀਤੀ ਹੋਈ ਅਰਦਾਸ ਸਮੁੱਚੇ ਪੰਥ ਦੀ ਹੀ ਅਰਦਾਸ ਹੁੰਦੀ ਹੈ ਜੋ ਕਿ ਗੁਰੂ ਸਾਹਿਬ ਪ੍ਰਵਾਨ ਕਰਦੇ ਹਨ।ਇਸੇ ਮੁਤਾਬਕ ਵਿਰਕ ਪਿੰਡ ਦੇ ਭਾਈ ਤਰਲੋਚਨ ਸਿੰਘ ਨੇ ਐਤਵਾਰ ਇੱਕ ਫਰਵਰੀ ਨੂੰ ਲੈਸਟਰ ਦੇ ਗੁਰੂ ਤੇਗ ਬਹਾਦਰ ਗੁਰਦਵਾਰਾ ਸਾਹਿਬ ਤੋਂ ਪੰਜ ਸਿੰਘਾਂ ਨੂੰ ਆਪਣੇ ਘਰ ਲਿਆ ਕੇ ਪ੍ਰਸ਼ਾਦ ਪਾਣੀ ਨਾਲ ਸੇਵਾ ਕੀਤੀ। ਪੰਜਾਂ ਸਿੰਘਾਂ ਵਲੋਂ ਤਰਲੋਚਨ ਸਿੰਘ ਦੀ ਸਰੀਰਕ ਤੰਦਰੁਸਤੀ ਦੀ ਅਰਦਾਸ ਕੀਤੀ ਗਈ।

ਆਵਾਜ਼ਿ ਕੌਮ AWAZE QAUM International Newspaper & WEB TV

ਜਿੱਥੇ ਵਿਰਕ ਪ੍ਰਵਾਰ ਨੇ ਪੰਜਾਂ ਸਿੰਘਾਂ ਦੀ ਤਨ ਮਨ ਧੰਨ ਨਾਲ ਸੇਵਾ ਕੀਤੀ ਉਥੇ ਪੰਜ ਸਿੰਘਾਂ ਨੂੰ ਇੱਕ ਸ਼ਾਨਦਾਰ ਫਰੇਮ ਕੀਤੀ ਹੋਈ ਫੋਟੋ ਭੇਂਟ ਕੀਤੀ ਗਈ ਜੋ ਕਿ ਸ੍ਰੀ ਹਰਿਮੰਦਰ ਸਾਹਿਬ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਨੂੰ ਦਰਸਾਉਂਦੀ ਹੈ।ਪੰਜਾਬੀ ਸਰੋਤਿਆਂ ਦੇ ਕਲੱਬ ਦੇ ਸੰਚਾਲਕ ਤਰਲੋਚਨ ਸਿੰਘ ਵਿਰਕ ਨੇ ਗੁਰੂ ਤੇਗ ਬਹਾਦਰ ਗੁਰਦਵਾਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਅਤੇ ਗੁਰਦਵਾਰਾ ਸਾਹਿਬ ਦੇ ਮੁੱਖ ਗ੍ਰੰਥੀ ਸਿੰਘ ਮਾਲੂਕ ਸਿੰਘ ਜੀ ਅਤੇ ਅਤੀ ਸਤਿਕਾਰਯੋਗ ਗਿਆਨੀ ਪਰਮਜੀਤ ਸਿੰਘ ਡੁਮੇਲੀ ਜੀ ਦਾ ਬਹੁੱਤ ਧੰਨਵਾਦ ਕੀਤਾ।

### ਗੁਲਦਸਤਾ ਵੱਲੋਂ ਪੰਜਾਬੀ ਯੂਨੀਵਰਸਿਟੀ ਦੇ ਯਾਦਵਿੰਦਰਾ ਕਾਲਜ ਵਿੱਚ ਵਿਸ਼ਵ ਕੈਂਸਰ ਦਿਵਸ ਮੌਕੇ ਵਿਸ਼ੇਸ਼ ਜਾਗਰੂਕਤਾ ਪ੍ਰੋਗਰਾਮ

# ਕੈਂਸਰ ਨੂੰ ਹਰਾਉਣ ਵਾਲੇ ਯੋਧਿਆਂ ਦਾ ਕੀਤਾ ਗਿਆ ਸਨਮਾਨ






ਤਲਵੰਡੀ ਸਾਬੋ, 04 ਫਰਵਰੀ (ਗੁਰਜੰਟ ਸਿੰਘ ਨਥੇਹਾ)- ਸਮਾਜ ਵਿੱਚ ਦਿਨੋ-ਦਿਨ ਅਮਰ ਵੇਲ ਵਾਂਗ ਫੈਲ ਰਹੀ ਕੈਂਸਰ ਦੀ ਭਿਆਨਕ ਬਿਮਾਰੀ ਖ਼ਿਲਾਫ਼ ਲੋਕਾਂ ਨੂੰ ਜਾਗਰੂਕ ਕਰਨ ਦੇ ਮਕਸਦ ਨਾਲ ਅੱਜ ਵਿਸ਼ਵ ਕੈਂਸਰ ਦਿਵਸ ਮੌਕੇ ਗੁਲਦਸਤਾ ਕਲਚਰ ਐਂਡ ਵੈਲਫੇਅਰ ਸੁਸਾਇਟੀ ਤਲਵੰਡੀ ਸਾਬੋ ਵੱਲੋਂ ਪੰਜਾਬੀ ਯੂਨੀਵਰਸਿਟੀ ਦੇ ਯਾਦਵਿੰਦਰਾ ਕਾਲਜ ਵਿੱਚ ਇੱਕ ਵਿਸ਼ਾਲ ਕੈਂਸਰ ਜਾਗਰੂਕਤਾ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ।ਇਸ ਪ੍ਰੋਗਰਾਮ ਵਿੱਚ ਸੀਨੀਅਰ ਮੈਡੀਕਲ ਅਫ਼ਸਰ ਤਲਵੰਡੀ ਸਾਬੋ ਡਾ. ਰਵੀ ਕਾਂਤ ਗੁਪਤਾ ਮੁੱਖ ਮਹਿਮਾਨ ਅਤੇ ਮੁੱਖ ਬੁਲਾਰੇ ਵਜੋਂ ਸ਼ਾਮਲ ਹੋਏ। ਇਸ ਮੌਕੇ ਬਠਿੰਡਾ ਜ਼ਿਲ੍ਹੇ ਦੇ ਕੈਂਸਰ ਨੂੰ ਹਰਾਉਣ ਵਾਲੇ ਕਈ ਯੋਧਿਆਂ ਦਾ ਸਨਮਾਨ ਕੀਤਾ ਗਿਆ ਅਤੇ ਉਨ੍ਹਾਂ ਦੇ ਅਨੁਭਵਾਂ ਰਾਹੀਂ ਲੋਕਾਂ ਨੂੰ ਕੈਂਸਰ ਨਾਲ ਸੰਘਰਸ਼ ਕਰਨ ਦੀ ਪ੍ਰੇਰਣਾ ਦਿੱਤੀ ਗਈ। ਡਾ. ਰਵੀ ਕਾਂਤ ਗੁਪਤਾ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਕੈਂਸਰ ਤੋਂ ਡਰਨ ਦੀ ਲੋੜ ਨਹੀਂ, ਬਲਕਿ ਸਮੇਂ ਸਿਰ ਜਾਂਚ ਅਤੇ ਸਹੀ ਇਲਾਜ ਨਾਲ ਇਸ ਬਿਮਾਰੀ ਨੂੰ ਹਰਾਇਆ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਜੇਕਰ ਕੈਂਸਰ ਦੇ ਲੱਛਣ ਸ਼ੁਰੂਆਤੀ ਦੌਰ ਵਿੱਚ ਹੀ ਪਛਾਣ ਲਏ ਜਾਣ ਤਾਂ ਇਸ ਤੋਂ ਬਚਾਵ ਅਤੇ ਇਲਾਜ ਸੰਭਵ ਹੈ। ਉਨ੍ਹਾਂ ਲੋਕਾਂ ਨੂੰ ਤੰਬਾਕੂ, ਸ਼ਰਾਬ ਵਰਗੀਆਂ ਨਸ਼ੀਲੀਆਂ ਚੀਜ਼ਾਂ ਤੋਂ ਦੂਰ ਰਹਿਣ ਅਤੇ ਸਿਹਤਮੰਦ ਜੀਵਨਸ਼ੈਲੀ ਅਪਣਾਉਣ ਦੀ ਅਪੀਲ ਕੀਤੀ। ਇਸ ਮੌਕੇ ਬਠਿੰਡਾ ਜ਼ਿਲ੍ਹੇ ਤੋਂ ਆਈਆਂ ਵੱਖ-ਵੱਖ ਡਾਕਟਰੀ ਟੀਮਾਂ ਨੇ ਵੀ ਕੈਂਸਰ ਦੇ ਲੱਛਣਾਂ, ਕਾਰਣਾਂ ਅਤੇ ਰੋਕਥਾਮ ਸਬੰਧੀ ਵਿਸਥਾਰ ਨਾਲ ਜਾਣਕਾਰੀ ਦਿੱਤੀ।ਡਾਕਟਰਾਂ ਨੇ ਕਿਹਾ ਕਿ ਨਿਯਮਿਤ ਸਿਹਤ ਜਾਂਚ, ਸਹੀ ਖੁਰਾਕ ਅਤੇ ਜਾਗਰੂਕਤਾ ਹੀ ਕੈਂਸਰ ਖ਼ਿਲਾਫ਼ ਸਭ ਤੋਂ ਵੱਡਾ ਹਥਿਆਰ ਹੈ।ਪ੍ਰੋਗਰਾਮ ਦੌਰਾਨ ਕੈਂਸਰ ਨੂੰ ਹਰਾਉਣ ਵਾਲੀ ਇੱਕ ਮਹਿਲਾ ਖਿਡਾਰਨ ਨੇ ਆਪਣੇ ਅਨੁਭਵ ਸਾਂਝੇ ਕਰਦੇ ਹੋਏ ਦੱਸਿਆ ਕਿ ਜਦੋਂ ਉਸ ਨੂੰ ਛਾਤੀ ਕੈਂਸਰ ਹੋਣ ਦੀ ਪੁਸ਼ਟੀ ਹੋਈ ਤਾਂ ਉਹ ਡਰੀ ਨਹੀਂ, ਸਗੋਂ ਹੌਸਲੇ ਨਾਲ ਇਲਾਜ ਕਰਵਾਇਆ ਅਤੇ ਅੱਜ ਪੂਰੀ ਤਰ੍ਹਾਂ ਕੈਂਸਰ ਮੁਕਤ ਹੈ। ਉਸਨੇ ਲੋਕਾਂ ਨੂੰ ਵੀ ਕੈਂਸਰ ਤੋਂ ਡਰਨ ਦੀ ਬਜਾਏ ਇਸ ਨਾਲ ਡਟ ਕੇ ਸੰਘਰਸ਼ ਕਰਨ ਦੀ ਅਪੀਲ ਕੀਤੀ।ਪ੍ਰੋਗਰਾਮ ਦੇ ਅੰਤ ਵਿੱਚ ਗੁਲਦਸਤਾ ਕਲਚਰ ਐਂਡ ਵੈਲਫੇਅਰ ਸੁਸਾਇਟੀ ਵੱਲੋਂ ਆਏ ਹੋਏ ਮਹਿਮਾਨਾਂ ਅਤੇ ਡਾਕਟਰੀ ਟੀਮਾਂ ਦਾ ਧੰਨਵਾਦ ਕੀਤਾ ਗਿਆ। ਸਮਾਗਮ ਦੌਰਾਨ ਗੁਲਦਸਤਾ ਕਲਚਰ ਐਂਡ ਵੈਲਫੇਅਰ ਸੁਸਾਇਟੀ ਪ੍ਰਬੰਧਕ ਸਿਮਰਦੀਪ ਕੌਰ ਬਹਿਣੀਵਾਲ ਅਤੇ ਸਮੁੱਚੀ ਟੀਮ ਵੱਲੋਂ ਪਹੁੰਚੇ ਹੋਏ ਬੁਲਾਰਿਆਂ ਨੂੰ ਵਿਸ਼ੇਸ਼ ਸਨਮਾਨ ਨਾਲ ਨਿਵਾਜਿਆ। ਇਸ ਮੌਕੇ ਹੋਰਨਾਂ ਤੋਂ ਇਲਾਵਾ ਡਾਕਟਰ ਜਸਵੀਰ ਕੌਰ, ਡਾਕਟਰ ਅਮਨਦੀਪ ਸਿੰਘ ਸੇਠੀ, ਅਨਵਰ ਖਾਨ ਕੈਂਸਰ ਡਾਈਟ ਮਾਹਿਰ ਆਦਿ ਹਾਜ਼ਰ ਸਨ।

### ਕੈਂਸਰ ਤੋਂ ਡਰਨ ਦੀ ਬਜਾਇ ਸਮੇਂ ਸਿਰ ਜਾਂਚ ਇਲਾਜ਼ ਜ਼ਰੂਰੀ- ਡਾ. ਰਵੀ ਕਾਂਤ ਗੁਪਤਾ

ਆਵਾਜ਼ਿ ਕੌਮ AWAZE QAUM International Newspaper & WEB TV

## ਗੁਰਦੁਆਰਾ ਸ਼ਹੀਦ ਗੰਜ ਸਾਹਿਬ ਵਿੱਚ 'ਖ਼ਜ਼ਾਨਾ' ਵੰਡ ਮਾਮਲਾ

# ਜਥੇਦਾਰ ਵੱਲੋਂ ਪ੍ਰਬੰਧਕ ਮੈਨੇਜਰ ਤੋਂ ਹੀ ਪੜਤਾਲ ਕਰਵਾਉਣਾ ਗੈਰਵਾਜਬ – ਪ੍ਰੋ. ਸਰਚਾਂਦ ਸਿੰਘ ਖਿਆਲਾ

**ਅੰਮ੍ਰਿਤਸਰ, 4 ਫ਼ਰਵਰੀ (ਆਵਾਜ਼ਿ ਕੌਮ ਬਿਊਰੋ)**-ਸਿੱਖ ਚਿੰਤਕ ਪ੍ਰੋਫੈਸਰ ਸਰਚਾਂਦ ਸਿੰਘ ਖਿਆਲਾ ਨੇ ਗੁਰਦੁਆਰਾ ਸ਼ਹੀਦ ਗੰਜ ਸਾਹਿਬ ਬਾਬਾ ਦੀਪ ਸਿੰਘ ਜੀ ਵਿਖੇ ਭਾਰਤੀ ਕਰੰਸੀ ਨੋਟਾਂ ਉੱਤੇ ਮੋਹਰ ਲਗਾ ਕੇ 'ਖ਼ਜ਼ਾਨਾ' ਵੰਡਣ ਦੇ ਗੰਭੀਰ ਮਾਮਲੇ ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ 'ਜਥੇਦਾਰ' ਗਿਆਨੀ ਕੁਲਦੀਪ ਸਿੰਘ ਗੜਗੱਜ ਵੱਲੋਂ ਉਸੇ ਗੁਰਦੁਆਰੇ ਦੇ ਮੈਨੇਜਰ ਜਤਿੰਦਰਪਾਲ ਸਿੰਘ, ਜਿਸ ਦੇ ਪ੍ਰਬੰਧ ਹੇਠ ਇਹ ਗੁਰਮਤਿ ਵਿਰੋਧੀ ਮਨਮਤੀ ਕਾਰਵਾਈ ਹੋਈ, ਨੂੰ ਹੀ ਇਸ ਮਾਮਲੇ ਦੀ ਪੜਤਾਲ ਕਰਕੇ ਰਿਪੋਰਟ ਦੇਣ ਲਈ ਕਹਿਣ 'ਤੇ ਹੈਰਾਨੀ ਜਤਾਈ ਹੈ ਅਤੇ ਕਿਹਾ ਹੈ ਕਿ ਕੋਈ ਵੀ ਜ਼ਿੰਮੇਵਾਰ ਜਥੇਦਾਰ ਇਸ ਤਰ੍ਹਾਂ ਦਾ ਬਚਕਾਨਾ, ਤਰਕਹੀਣ ਅਤੇ ਪ੍ਰਬੰਧਕੀ ਸਮਝ ਤੋਂ ਬਾਹਰ ਫ਼ੈਸਲਾ ਕਿਵੇਂ ਲੈ ਸਕਦਾ ਹੈ?




ਉਨ੍ਹਾਂ ਕਿਹਾ ਕਿ ਇਸ ਫ਼ੈਸਲੇ ਨਾਲ ਇਹ ਸਾਫ਼ ਝਲਕ ਮਿਲਦੀ ਹੈ ਕਿ ਜਥੇਦਾਰ ਇਸ ਮਾਮਲੇ ਦੀ ਸਚਾਈ ਦੀ ਤਹਿ ਤੱਕ ਜਾਣ ਦੀ ਥਾਂ ਕਿਤੇ ਇਸਨੂੰ ਦਬਾਉਣ ਜਾਂ ਕਮਜ਼ੋਰ ਕਰਨ ਬਾਰੇ ਤਾਂ ਨਹੀਂ ਸੋਚ ਰਹੇ। ਉਨ੍ਹਾਂ ਕਿਹਾ ਕਿ ਜਿੱਥੇ ਗੁਰਦੁਆਰੇ ਦੇ ਅੰਦਰ ਜਾਂ ਨੇੜਲੇ ਇਲਾਕਿਆਂ ਵਿੱਚ ਲਗਾਤਾਰ ਮਨਮਤ ਫੈਲ ਰਹੀ ਹੋਵੇ, ਉੱਥੇ ਉਸ ਗੁਰਦੁਆਰੇ ਦਾ ਪ੍ਰਬੰਧਕ ਖ਼ੁਦ ਹੀ ਸ਼ੱਕ ਦੇ ਘੇਰੇ ਵਿੱਚ ਆ ਜਾਂਦਾ ਹੈ। ਅਜਿਹੀ ਸਥਿਤੀ ਵਿੱਚ ਉਸੇ ਵਿਅਕਤੀ ਤੋਂ ਜਾਂਚ ਕਰਵਾਉਣਾ ਕੁਦਰਤੀ ਨਿਆਂ ਅਤੇ ਅਸੂਲਾਂ ਦੀ ਉਲੰਘਣਾ ਹੈ। ਇਹ ਵੀ ਅਸੰਭਵ ਨਹੀਂ ਕਿ ਪ੍ਰਬੰਧਕ ਦੀ ਇਸ ਮਾਮਲੇ ਵਿੱਚ ਕਿਸੇ ਨਾ ਕਿਸੇ ਤਰੀਕੇ ਨਾਲ ਭੂਮਿਕਾ ਹੋਵੇ, ਫਿਰ ਉਸ ਤੋਂ ਨਿਰਪੱਖ ਜਾਂਚ ਦੀ ਉਮੀਦ ਕਿਵੇਂ ਕੀਤੀ ਜਾ ਸਕਦੀ ਹੈ?



ਪ੍ਰੋ. ਖਿਆਲਾ ਨੇ ਯਾਦ ਦਿਵਾਇਆ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਕੋਈ ਆਮ ਸੰਸਥਾ ਨਹੀਂ, ਇਹ ਸਿੱਖ ਪੰਥ ਦੀ ਸਰਵਉੱਚ ਧਾਰਮਿਕ ਅਦਾਲਤ ਹੈ। 'ਜਥੇਦਾਰ' ਨੂੰ ਇਹ ਸਮਝ ਲੈਣਾ ਚਾਹੀਦਾ ਹੈ ਕਿ ਉਹਨਾਂ ਵੱਲੋਂ ਜਾਰੀ ਕੀਤੇ ਗਏ ਆਦੇਸ਼ ਇਤਿਹਾਸਕ ਰੂਪ ਅਖ਼ਿਤਆਰ ਕਰਦੇ ਹਨ, ਜਿਨ੍ਹਾਂ ਤੋਂ ਭਵਿੱਖ ਵਿੱਚ ਵੀ ਸੇਧ ਲਈ ਜਾਂਦੀ ਹੈ, ਜੋ ਨਜ਼ੀਰ ਬਣਦੇ ਹਨ ਅਤੇ ਇਤਿਹਾਸਕ ਮਹੱਤਤਾ ਰੱਖਦੇ ਹਨ। ਅਜਿਹੇ ਵਿੱਚ ਬਚਕਾਨਾ, ਅਧੂਰੇ ਤੱਥਾਂ 'ਤੇ ਅਧਾਰਿਤ ਜਾਂ ਗ਼ਲਤ ਸਲਾਹ ਨਾਲ ਜਾਰੀ ਕੀਤੇ ਗਏ ਆਦੇਸ਼ ਜਥੇਦਾਰ ਦੇ ਅਹੁਦੇ ਦੀ ਗਰਿਮਾ ਨੂੰ ਨੁਕਸਾਨ ਪਹੁੰਚਾਉਂਦੇ ਹਨ।

ਉਨ੍ਹਾਂ ਨੇ ਕਿਹਾ ਕਿ ਜਥੇਦਾਰ ਸਾਹਿਬ ਨੂੰ ਇਹ ਵੀ ਸਮਝਣਾ ਚਾਹੀਦਾ ਹੈ ਕਿ 328 ਪਾਵਨ ਸਰੂਪਾਂ ਦੇ ਮਾਮਲੇ ਵਿੱਚ ਮੀਡੀਆ ਉੱਤੇ ਲਾਈਆਂ ਗਈਆਂ ਬੰਦਸ਼ਾਂ ਅਜੇ ਤੱਕ ਸਿੱਖ ਸੰਗਤ ਦੇ ਮਨ ਵਿੱਚ ਸਵਾਲ ਬਣੀਆਂ ਹੋਈਆਂ ਹਨ। ਮੀਡੀਆ ਦਾ ਕੰਮ ਸੱਚ ਲੋਕਾਂ ਤੱਕ ਪਹੁੰਚਾਉਣਾ ਹੈ, ਨਾ ਕਿ ਉਸ ਨੂੰ ਰੋਕਣਾ। ਲਗਾਤਾਰ ਅਜਿਹੇ ਫ਼ੈਸਲੇ ਇਹ ਸੰਕੇਤ ਦੇ ਰਹੇ ਹਨ ਕਿ ਜਥੇਦਾਰ ਸਾਹਿਬ ਕਿਸੇ ਸਲਾਹਕਾਰ ਮੰਡਲੀ ਦੇ ਪ੍ਰਭਾਵ ਹੇਠ ਕੰਮ ਕਰ ਰਹੇ ਹਨ। ਇਹ ਸਵਾਲ ਉੱਠਦਾ ਹੈ ਕਿ ਜਥੇਦਾਰ ਤੋਂ ਅਜਿਹੇ ਬਚਕਾਨਾ ਫ਼ੈਸਲੇ ਆਖ਼ਿਰ ਕੌਣ ਕਰਵਾ ਰਿਹਾ ਹੈ? ਪ੍ਰੋ. ਖਿਆਲਾ ਨੇ ਕਿਹਾ ਕਿ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਵੱਲੋਂ ਇਹ ਕਹਿਣਾ ਕਿ 'ਸੇਵਕ ਜਥਾ ਇਸ਼ਨਾਨ' ਦੇ ਨਾਮ ਹੇਠ ਨੋਟਾਂ ਉੱਤੇ "ਖ਼ਜ਼ਾਨਾ ਬਾਬਾ ਦੀਪ ਸਿੰਘ ਜੀ" ਦੀ ਮੋਹਰ ਲਗਾ ਕੇ ਵੰਡਣਾ ਪੂਰੀ ਤਰ੍ਹਾਂ ਮਨਮਤ ਅਤੇ ਗੁਰਮਤਿ ਵਿਰੋਧੀ ਕਾਰਵਾਈ ਹੈ, ਬਿਲਕੁਲ ਸਹੀ ਹੈ। ਗੁਰੂ ਘਰ ਵਿੱਚ ਕਿਸੇ ਵੀ ਤਰ੍ਹਾਂ ਦਾ ਪੈਸਿਆਂ ਵਾਲਾ 'ਖ਼ਜ਼ਾਨਾ' ਦੇਣ ਦੀ ਪ੍ਰਥਾ ਕਦੇ ਨਹੀਂ ਰਹੀ।ਉਨ੍ਹਾਂ ਨੇ ਦੱਸਿਆ ਕਿ ਗੁਰਦੁਆਰਾ ਸ਼ਹੀਦ ਗੰਜ ਸਾਹਿਬ ਦੇ ਗ੍ਰੰਥੀ ਸਿੰਘ ਗਿਆਨੀ ਦਇਆ ਸਿੰਘ ਵੱਲੋਂ ਵੀ ਸਪਸ਼ਟ ਕੀਤਾ ਜਾ ਚੁੱਕਾ ਹੈ ਕਿ ਗੁਰੂ ਘਰ ਵੱਲੋਂ ਕਿਸੇ ਨੂੰ ਵੀ ਨੋਟਾਂ ਦਾ ਕੋਈ ਖ਼ਜ਼ਾਨਾ ਨਹੀਂ ਦਿੱਤਾ ਜਾਂਦਾ। ਗੁਰੂ ਘਰ ਦਾ ਖ਼ਜ਼ਾਨਾ ਨਾਮ, ਬਾਣੀ, ਸੇਵਾ, ਸਿਮਰਨ ਅਤੇ ਮਨੁੱਖਤਾ ਦੀ ਭਲਾਈ ਹੈ—ਨਾ ਕਿ ਮੋਹਰ ਲੱਗੇ ਨੋਟ।

ਆਵਾਜ਼ਿ ਕੌਮ AWAZE QAUM International Newspaper & WEB TV

ਪ੍ਰੋ. ਖਿਆਲਾ ਨੇ ਕਿਹਾ ਕਿ ਇਹ ਵੀ ਸਾਹਮਣੇ ਆਇਆ ਹੈ ਕਿ ਨੇੜਲੇ ਇਲਾਕੇ ਲਛਮਣਸਰ ਚੌਂਕ ਵਿਖੇ ਬਾਬਾ ਦੀਪ ਸਿੰਘ ਜੀ ਦੇ ਨਾਮ 'ਤੇ ਬਣੇ ਇੱਕ ਹੋਰ ਸਥਾਨ ਤੋਂ ਇਹ ਮਨਮਤੀ ਵਰਤਾਰਾ ਸ਼ੁਰੂ ਹੋਇਆ ਅਤੇ ਬਾਅਦ ਵਿੱਚ ਗੁਰਦੁਆਰਾ ਸ਼ਹੀਦ ਗੰਜ ਸਾਹਿਬ ਵੱਲ ਵਧਿਆ। ਇਹ ਸਾਰਾ ਕੁਝ ਅੱਖਾਂ ਮੁੰਦ ਕੇ ਨਹੀਂ ਹੋ ਸਕਦਾ। ਇਸ ਲਈ ਇੱਕ ਸੁਤੰਤਰ, ਨਿਰਪੱਖ ਅਤੇ ਉੱਚ ਪੱਧਰੀ ਜਾਂਚ ਕਮੇਟੀ ਬਣਾਈ ਜਾਵੇ, ਜਿਸ ਵਿੱਚ ਗੁਰਮਤਿ ਵਿਦਵਾਨ, ਕਾਨੂੰਨੀ ਮਾਹਿਰ ਅਤੇ ਪ੍ਰਸ਼ਾਸਕੀ ਅਧਿਕਾਰੀ ਸ਼ਾਮਲ ਹੋਣ।

ਅੰਤ ਵਿੱਚ ਪ੍ਰੋ. ਸਰਚਾਂਦ ਸਿੰਘ ਖਿਆਲਾ ਨੇ ਸਿੱਖ ਸੰਗਤ ਨੂੰ ਅਪੀਲ ਕੀਤੀ ਕਿ ਉਹ ਅਜਿਹੇ ਮਨਮਤੀ ਤੱਤਾਂ ਦੇ ਪਿੱਛੇ ਨਾ ਲੱਗਣ ਜੋ ਨਿੱਜੀ ਲਾਭ ਲਈ ਗੁਰੂ ਘਰ ਦੇ ਨਾਮ 'ਤੇ ਅਫ਼ਵਾਹਾਂ ਫੈਲਾਉਂਦੇ ਹਨ। ਜੇਕਰ ਕਿਤੇ ਵੀ ਅਜਿਹੀ ਗਤੀਵਿਧੀ ਨਜ਼ਰ ਆਵੇ ਤਾਂ ਤੁਰੰਤ ਗੁਰਦੁਆਰਾ ਪ੍ਰਬੰਧਕਾਂ ਅਤੇ ਉੱਚ ਅਧਿਕਾਰੀਆਂ ਦੇ ਧਿਆਨ ਵਿੱਚ ਲਿਆਂਦੀ ਜਾਵੇ। ਉਨ੍ਹਾਂ ਨੇ ਸਪਸ਼ਟ ਕੀਤਾ ਕਿ ਸਿੱਖ ਧਰਮ ਵਿੱਚ ਅੰਧ ਵਿਸ਼ਵਾਸ ਲਈ ਕੋਈ ਥਾਂ ਨਹੀਂ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਇਹ ਉਮੀਦ ਕੀਤੀ ਜਾਂਦੀ ਹੈ ਕਿ ਉਹ ਅਜਿਹੇ ਗੰਭੀਰ ਮਾਮਲਿਆਂ ਵਿੱਚ ਸਿਆਣਪ, ਦੂਰਦਰਸ਼ਤਾ ਅਤੇ ਪੰਥਕ ਮਰਿਆਦਾ ਦੇ ਅਨੁਕੂਲ ਫ਼ੈਸਲੇ ਲਏਗਾ।

# ਅਕਾਲ ਯੂਨੀਵਰਸਿਟੀ ਦੇ ਭੌਤਿਕ ਵਿਗਿਆਨ ਵਿਭਾਗ ਤੋਂ ਮਿਸ ਪਿੰਕੀ ਦੀ ਪ੍ਰਸਿੱਧ ਡੀਐਸਟੀ ਇਨਸਪਾਇਰ ਫੈਲੋਸ਼ਿਪ ਲਈ ਚੋਣ

**ਤਲਵੰਡੀ ਸਾਬੋ, 04 ਫਰਵਰੀ (ਗੁਰਜੰਟ ਸਿੰਘ ਨਥੇਹਾ)**-ਅਕਾਲ ਯੂਨੀਵਰਸਿਟੀ ਤਲਵੰਡੀ ਸਾਹਿਬ ਦੀ ਭੌਤਿਕ ਵਿਗਿਆਨ ਵਿਭਾਗ ਦੀ ਪੀ.ਐੱਚ.ਡੀ ਸਕਾਲਰ ਮਿਸ ਪਿੰਕੀ ਨੂੰ ਭਾਰਤ ਸਰਕਾਰ ਦੇ ਵਿਗਿਆਨ ਅਤੇ ਤਕਨਾਲੋਜੀ ਵਿਭਾਗ ਵੱਲੋਂ ਪ੍ਰਦਾਨ ਕੀਤੀ ਜਾਣ ਵਾਲੀ ਨਾਮੀ ਇਨਸਪਾਇਰ ਪੀ.ਐੱਚ.ਡੀ ਫੈਲੋਸ਼ਿਪ ਲਈ ਚੁਣਿਆ ਗਿਆ ਹੈ। ਇਹ ਰਾਸ਼ਟਰ ਪੱਧਰੀ ਫੈਲੋਸ਼ਿਪ ਦੇਸ਼ ਦੇ ਯੋਗ ਅਤੇ ਨਵੀਨ ਚਿੰਤਨ ਵਾਲੇ ਵਿਦਿਆਰਥੀਆਂ ਨੂੰ ਉਤਸ਼ਾਹਿਤ ਕਰਨ ਦਾ ਮਹੱਤਵਪੂਰਨ ਮੰਚ ਹੈ। ਮਿਸ ਪਿੰਕੀ ਨੂੰ ਇਸ ਫੈਲੋਸ਼ਿਪ ਤਹਿਤ ਪੰਜ ਸਾਲਾਂ ਲਈ ਕੁੱਲ 27 ਲੱਖ ਰੁਪਏ ਦੀ ਆਰਥਿਕ ਸਹਾਇਤਾ ਪ੍ਰਾਪਤ ਹੋਵੇਗੀ, ਜਿਸ ਵਿੱਚ ਖੋਜ-ਸੰਬੰਧੀ ਫੰਡ, ਅਕਾਦਮਿਕ ਖਰਚੇ ਅਤੇ ਮਾਰਗਦਰਸ਼ਨ ਦੀ ਸੁਵਿਧਾ ਸ਼ਾਮਲ ਹੈ। ਇਹ ਸਹਾਇਤਾ ਉਹਨਾਂ ਦੀ ਖੋਜ ਨੂੰ ਹੋਰ ਮਜ਼ਬੂਤ ਕਰਦਿਆਂ ਉਤਸ਼ਾਹ ਨਾਲ ਭਰੇਗੀ। ਪੰਜਾਬ ਦੇ ਜ਼ਿਲ੍ਹਾ ਗੁਰਦਾਸਪੁਰ ਦੇ ਕਾਦੀਆਂ ਕਸਬੇ ਨਾਲ ਸਬੰਧਤ ਮਿਸ ਪਿੰਕੀ ਨੇ ਬਚਪਨ ਤੋਂ ਹੀ ਵੱਡੇ ਸੁਪਨੇ ਸੰਜੋਏ ਹੋਏ ਸਨ। ਅਟੁੱਟ ਮਿਹਨਤ ਅਤੇ ਲਗਨ ਨਾਲ ਉਹਨਾਂ ਨੇ ਵਿਦਿਆ ਖੇਤਰ ਵਿੱਚ ਲਾਜਵਾਬ ਪ੍ਰਦਰਸ਼ਨ ਕੀਤਾ ਹੈ। ਗੌਰਤਲਬ ਹੈ ਕਿ ਉਹ ਜੂਨ 2023 ਦੀ ਐਮ.ਐੱਸ.ਸੀ (ਫਿਜ਼ਿਕਸ ਆਨਰਜ਼) ਤੋਂ ਗੋਲਡ ਮੈਡਲਿਸਟ ਵੀ ਰਹੇ ਹਨ। ਮਿਸ ਪਿੰਕੀ ਨੇ ਆਪਣੀ ਪੀ.ਐੱਚ.ਡੀ ਥਿਊਰੇਟਿਕਲ ਨਿਊਕਲੀਅਰ ਸਟਰਕਚਰ ਫਿਜ਼ਿਕਸ ਦੇ ਖੇਤਰ ਵਿੱਚ ਪ੍ਰੋ. ਸੁਖਜੀਤ ਸਿੰਘ ਅਤੇ ਡਾ. ਸੁਸ਼ੀਲ ਕੁਮਾਰ ਦੀ ਰਹਿਨੁਮਾਈ ਹੇਠ ਕਰਨੀ ਹੈ। ਯੂਨੀਵਰਸਿਟੀ ਪ੍ਰਬੰਧਕਾਂ ਨੇ ਇਸ ਪ੍ਰਾਪਤੀ ਨੂੰ ਅਕਾਦਮਿਕ ਯਾਤਰਾ ਵਿਚ ਇਕ ਹੋਰ ਮਹੱਤਵਪੂਰਨ ਕਦਮ ਦੱਸਿਆ ਹੈ। ਯੂਨੀਵਰਸਿਟੀ ਪ੍ਰਬੰਧਕਾਂ ਨੇ ਮਿਸ ਪਿੰਕੀ ਨੂੰ ਇਸ ਮਹੱਤਵਪੂਰਨ ਪ੍ਰਾਪਤੀ ਲਈ ਵਧਾਈ ਦਿੱਤੀ ਅਤੇ ਕਿਹਾ ਹੈ ਕਿ ਉਹ ਵੱਖ-ਵੱਖ ਵਿਭਾਗਾਂ ਦੇ ਨੌਜਵਾਨ ਵਿਦਿਆਰਥੀਆਂ ਲਈ ਪ੍ਰੇਰਣਾ ਦਾ ਸਰੋਤ ਹਨ।



ਆਵਾਜ਼ਿ ਕੌਮ AWAZE QAUM International Newspaper & WEB TV

# ਸੇਵਕ ਸਭਿ ਕਰਦੇ ਸੇਵ ਦਰਿ ਨਾਨਕੁ ਜਨੁ ਤੇਰਾ ॥



## ਵੀਹਵੀਂ ਸਦੀ ਦੇ ਮਹਾਨ ਸਿੱਖ ਜਰਨੈਲ ਯੋਧੇ ਸੰਤ ਗਿਆਨੀ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਦੇ ਸਤਿਕਾਰਯੋਗ ਭਤੀਜੇ ਭਾਈ ਜਸਵੀਰ ਸਿੰਘ ਜੀ ਖਾਲਸਾ ਸਾਬਕਾ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਬਾਨੀ ਇੰਟਰਨੈਸ਼ਨਲ ਪੰਥਕ ਦਲ ਜੀ ਦੀ ਰਹਿਨੁਮਾਈ ਹੇਠ ਸ੍ਰੀ ਹਰਿਮੰਦਰ ਸਾਹਿਬ ਜੀ ਗੁਰੂ ਰਾਮਦਾਸ ਸਾਹਿਬ ਜੀ ਦੇ ਲੰਗਰਾਂ ਵਿੱਚ ਮਹੀਨੇਵਾਰੀ ਸੇਵਾ





ਭਾਈ ਜਸਵੀਰ ਸਿੰਘ ਜੀ ਖਾਲਸਾ ਸਾਬਕਾ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਬਾਨੀ ਇੰਟਰਨੈਸ਼ਨਲ ਪੰਥਕ ਦਲ

## ਇਸ ਵਾਰ 10 ਫਰਵਰੀ, 2026 ਦਿਨ ਮੰਗਲਵਾਰ ਸਵੇਰੇ 9 ਵਜੇ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਲੰਗਰਾਂ ਵਿੱਚ ਸੇਵਾਵਾਂ ਨਿਭਾਈਆਂ ਜਾਣਗੀਆਂ

ਸਿੰਘ ਸਾਹਿਬ ਜੀ ਦੇ ਹੁਕਮਾਂ ਦੀ ਪਾਲਣਾ ਕਰਦਿਆਂ ਇੰਟਰਨੈਸ਼ਨਲ ਪੰਥਕ ਦਲ ਦੇ ਸਾਰੇ ਅਹੁਦੇਦਾਰਾਂ ਅਤੇ ਸਮੂਹ ਮੈਂਬਰਾਂ ਦਾ ਸਵੇਰੇ 9 ਵਜੇ ਪਹੁੰਚਣਾ ਜ਼ਰੂਰੀ ਹੈ ਜੀ।



--★ ਜਾਰੀ ਕਰਤਾ ★--

## ਬਾਬਾ ਸਤਨਾਮ ਸਿੰਘ ਜੀ ਵੱਲੀਆਂ, ਪੰਜਾਬ ਪ੍ਰਧਾਨ ਧਾਰਮਿਕ ਵਿੰਗ

ਸੰਤ ਅਤਰ ਸਿੰਘ ਜੀ ਦੀ 99ਵੀਂ ਬਰਸੀ ਮੌਕੇ ਗੁ:ਬੁੰਗਾ ਮਸਤੂਆਣਾ ਵਿਖੇ

# ਵਿਸ਼ਾਲ ਗੁਰਮਤਿ ਸਮਾਗਮ ਕਰਵਾਇਆ





**ਤਲਵੰਡੀ ਸਾਬੋ, 04 ਫਰਵਰੀ (ਗੁਰਜੰਟ ਸਿੰਘ ਨਥੇਹਾ)**- ਸਿੱਖ ਕੌਮ ਦੀ ਮਹਾਨ ਧਾਰਮਿਕ ਸਖਸ਼ੀਅਤ ਸੰਤ ਬਾਬਾ ਅਤਰ ਸਿੰਘ ਜੀ ਦੀ 99ਵੀਂ ਬਰਸੀ, ਬਾਬਾ ਜਗਤ ਸਿੰਘ ਧਨੌਲਾ ਦੀ 30ਵੀਂ ਬਰਸੀ, ਰਾਗੀ ਜੰਗ ਸਿੰਘ ਦੀ 25ਵੀਂ ਅਤੇ ਬਾਬਾ ਗੁਰਚਰਨ ਸਿੰਘ ਦੀ ਤੀਜੀ ਬਰਸੀ ਨੂੰ ਸਮਰਪਿਤ ਕਰਕੇ ਪ੍ਰਸਿੱਧ ਧਾਰਮਿਕ ਸੰਸਥਾ ਗੁਰਦੁਆਰਾ ਬੁੰਗਾ ਮਸਤੂਆਣਾ ਧਾਰਮਿਕ ਮਹਾਂ ਵਿਦਿਆਲਾ ਵਿਖੇ ਅੱਜ ਵਿਸ਼ਾਲ ਗੁਰਮਤਿ ਸਮਾਗਮ ਕਰਵਾਇਆ ਗਿਆ ਜਿਸ ਵਿੱਚ ਸੰਪਰਦਾਇ ਮਸਤੂਆਣਾ ਦੇ ਮੁਖੀ ਤੇ ਤਖਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਟੇਕ ਸਿੰਘ ਤੋਂ ਇਲਾਵਾ ਵੱਡੀ ਗਿਣਤੀ ਧਾਰਮਿਕ ਸਖਸ਼ੀਅਤਾਂ ਤੇ ਸੰਗਤਾਂ ਨੇ ਹਾਜ਼ਰੀਆਂ ਲਵਾਈਆਂ।ਗੁ:ਬੁੰਗਾ ਮਸਤੂਆਣਾ ਵਿਖੇ ਅੱਜ ਸਭ ਤੋਂ ਪਹਿਲਾਂ ਬੀਤੇ ਤਿੰਨ ਦਿਨਾਂ ਤੋਂ ਪ੍ਰਕਾਸ਼ ਸ੍ਰੀ ਆਖੰਡ ਪਾਠਾਂ ਦੇ ਭੋਗ ਪਾਏ ਗਏ ਬੁੰਗਾ ਮਸਤੂਆਣਾ ਸਾਹਿਬ ਦੇ ਹਜ਼ੂਰੀ ਰਾਗੀ ਜਥਿਆਂ ਨੇ ਕੀਰਤਨ ਗਾਇਨ ਕੀਤਾ ਜਦੋਂਕਿ ਅਰਦਾਸ ਬੁੰਗਾ ਮਸਤੂਆਣਾ ਦੇ ਹੈੱਡ ਗ੍ਰੰਥੀ ਬਾਬਾ ਤੇਜਾ ਸਿੰਘ ਨੇ ਕੀਤੀ। ਇਸ ਮੌਕੇ ਹੁਕਮਨਾਮਿਆਂ ਦੀ ਕਥਾ ਕਰਨ ਦੇ ਨਾਲ ਨਾਲ ਉੱਘੇ ਸਿੱਖ ਪ੍ਰਚਾਰਕ ਗਿਆਨੀ ਹਰਭਜਨ ਸਿੰਘ ਢੁੱਡੀਕੇ ਵਾਲਿਆਂ ਨੇ ਸੰਤ ਬਾਬਾ ਅਤਰ ਸਿੰਘ ਜੀ ਦੇ ਜੀਵਨ ਅਤੇ ਉਨਾਂ ਵੱਲੋਂ ਸਿੱਖੀ ਪ੍ਰਚਾਰ/ਪ੍ਰਸਾਰ 'ਚ ਨਿਭਾਈ ਭੂਮਿਕਾ ਬਾਰੇ ਸੰਗਤਾਂ ਨੂੰ ਜਾਣੂ ਕਰਵਾਇਆ। ਸੰਗਤਾਂ ਦੇ ਵੱਡੇ ਇਕੱਠ ਨੂੰ ਸੰਬੋਧਨ ਦੌਰਾਨ ਸੰਪਰਦਾਇ ਮਸਤੂਆਣਾ ਦੇ ਮੁਖੀ ਤੇ ਤਖਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਬਾਬਾ ਟੇਕ ਸਿੰਘ ਨੇ ਮਾਲਵੇ ਦੇ ਉਕਤ ਖਿੱਤੇ ਚ ਸੰਤ ਬਾਬਾ ਅਤਰ ਸਿੰਘ ਦੇ ਨਾਲ ਨਾਲ ਬਾਬਾ ਜਗਤ ਸਿੰਘ ਧਨੌਲਾ, ਰਾਗੀ ਜੰਗ ਸਿੰਘ ਤੇ ਬਾਬਾ ਗੁਰਚਰਨ ਸਿੰਘ ਵੱਲੋਂ ਸਿੱਖੀ ਦੇ ਪ੍ਰਚਾਰ ਲਈ ਨਿਭਾਈਆਂ ਸੇਵਾਵਾਂ ਨੂੰ ਯਾਦ ਕੀਤਾ। ਉਨਾਂ ਇਸ ਮੌਕੇ ਐਲਾਨ ਕੀਤਾ ਕਿ ਅਗਲੇ ਵਰ੍ਹੇ ਸੰਤ ਅਤਰ ਸਿੰਘ ਜੀ ਦੀ 100ਵੀਂ ਬਰਸੀ ਮੌਕੇ ਬੁੰਗਾ ਮਸਤੂਆਣਾ ਵਿਖੇ ਵਿਸ਼ਾਲ ਧਾਰਮਿਕ ਸਮਾਗਮ ਕਰਵਾਏ ਜਾਣਗੇ ਜਿਸ 'ਚ ਪੰਥ ਪ੍ਰਸਿੱਧ ਧਾਰਮਿਕ ਸਖਸ਼ੀਅਤਾਂ ਹਾਜ਼ਰੀ ਭਰਨਗੀਆਂ ਤੇ ਨਾਲ ਹੀ ਪਾਠ ਬੋਧ ਸਮਾਗਮ ਵਿਸ਼ੇਸ ਤੌਰ ਤੇ ਹੋਣਗੇ। ਬੁੰਗਾ ਮਸਤੂਆਣਾ ਮੁਖੀ ਬਾਬਾ ਕਾਕਾ ਸਿੰਘ ਨੇ ਪੁੱਜੀਆਂ ਸਖਸ਼ੀਅਤਾਂ ਦਾ ਧੰਨਵਾਦ ਕੀਤਾ ਜਦੋਂਕਿ ਬਾਬਾ ਟੇਕ ਸਿੰਘ, ਬਾਬਾ ਕਾਕਾ ਸਿੰਘ, ਬਾਬਾ ਤੇਜਾ ਸਿੰਘ, ਭਾਈ ਸੰਤ ਸਿੰਘ ਸਕੱਤਰ ਤੇ ਬਾਬਾ ਨਰਾਇਣ ਸਿੰਘ ਵੱਲੋਂ ਸਖਸ਼ੀਅਤਾਂ ਦਾ ਸਨਮਾਨ ਵੀ ਕੀਤਾ ਗਿਆ। ਸਮਾਗਮਾਂ ਦੌਰਾਨ ਤਖਤ ਸ੍ਰੀ ਦਮਦਮਾ ਸਾਹਿਬ ਦੇ ਪੰਜ ਪਿਆਰੇ ਸਾਹਿਬਾਨ ਤੋਂ ਇਲਾਵਾ ਤਖਤ ਸਾਹਿਬ ਦੇ ਹੈੱਡ ਗ੍ਰੰਥੀ ਗਿਆਨੀ ਜਗਤਾਰ ਸਿੰਘ, ਮੈਨੇਜ਼ਰ ਭਾਈ ਨਰਿੰਦਰਜੀਤ ਸਿੰਘ, ਵਧੀਕ ਹੈੱਡ ਗ੍ਰੰਥੀ ਗਿਆਨੀ ਗੁਰਜੰਟ ਸਿੰਘ, ਭਾਈ ਰਵਿੰਦਰ ਸਿੰਘ ਖਾਲਸਾ ਪ੍ਰਿੰਸੀਪਲ ਗੁਰਮਤਿ ਵਿਦਿਆਲਾ, ਬਾਬਾ ਅਜੀਤ ਸਿੰਘ ਕੀਰਤਨਪੁਰਾ, ਕਾਰ ਸੇਵਾ ਭੂਰੀ ਵਾਲਿਆਂ ਤੋਂ ਬਾਬਾ ਜੀਤਾ ਸਿੰਘ, ਬਾਬਾ ਪ੍ਰੀਤਮ ਸਿੰਘ ਮੱਲੜੀ ਵਾਲੇ, ਦਮਦਮੀ ਟਕਸਾਲ ਦੇ ਜਥੇਦਾਰ ਪਿੱਪਲ ਸਿੰਘ, ਬਾਬਾ ਜੱਸਾ ਸਿੰਘ ਜਗਾ ਰਾਮ ਤੀਰਥ, ਸਾਬਕਾ ਹੈੱਡ ਗ੍ਰੰਥੀ ਗਿਆਨੀ ਬਲਵੰਤ ਸਿੰਘ, ਬਾਬਾ ਮਹਿੰਦਰ ਸਿੰਘ, ਭਾਈ ਚਤਰ ਸਿੰਘ, ਬਾਬਾ ਮੇਜਰ ਸਿੰਘ ਦੇਸੂ, ਕੈਬਨਿਟ ਰੈਂਕ ਪ੍ਰਾਪਤ ਹਲਕਾ ਵਿਧਾਇਕਾ ਬਲਜਿੰਦਰ ਕੌਰ, ਅਕਾਲੀ ਦਲ (ਬ) ਹਲਕਾ ਇੰਚਾਰਜ ਰਵੀਪ੍ਰੀਤ ਸਿੰਘ ਸਿੱਧੂ, ਨੌਜਵਾਨ ਕਾਂਗਰਸੀ ਆਗੂ ਗੁਰਬਾਜ਼ ਸਿੰਘ ਸਿੱਧੂ, ਅਕਾਲ ਕਾਲਜ ਕੌਂਸਲ ਮਸਤੂਆਣਾ ਵੱਲੋਂ ਜਥੇਦਾਰ ਬਲਦੇਵ ਸਿੰਘ ਭੰਮਾਬੱਦੀ, ਸਤਨਾਮ ਸਿੰਘ ਦਮਦਮੀ, ਜਸਵੀਰ ਸਿੰਘ ਤੋਂ ਇਲਾਵਾ ਵੱਡੀ ਗਿਣਤੀ ਸੰਗਤਾਂ ਹਾਜ਼ਰ ਸਨ।

### ਸੰਤ ਅਤਰ ਸਿੰਘ ਜੀ ਦੀ 100ਵੀਂ ਬਰਸੀ ਬੁੰਗਾ ਮਸਤੂਆਣਾ ਵਿਖੇ ਵੱਡੇ ਪੱਧਰ ਤੇ ਮਨਾਵਾਂਗੇ- ਜਥੇਦਾਰ ਬਾਬਾ ਟੇਕ ਸਿੰਘ

## ਪੰਜਾਬ ਵਿੱਚ ਵੋਟਰਾਂ ਦਾ ਨਿੱਜੀ ਡਾਟਾ ਇਕੱਠਾ ਕਰਨ ਦੇ ਦੋਸ਼: ਸੁਖਪਾਲ ਖਹਿਰਾ ਵੱਲੋਂ ਪ੍ਰਧਾਨ ਮੰਤਰੀ ਨੂੰ ਤੁਰੰਤ ਦਖ਼ਲ ਦੀ ਮੰਗ



**ਨਵੀਂ ਦਿੱਲੀ/ਚੰਡੀਗੜ੍ਹ, 4 ਫਰਵਰੀ (ਆਵਾਜ਼ਿ ਕੌਮ ਬਿਊਰੋ)**-ਪੰਜਾਬ ਦੀ ਪ੍ਰਸ਼ਾਸਕੀ ਮਸ਼ੀਨਰੀ ਦੇ ਕਥਿਤ ਦੁਰਪਯੋਗ ਨੂੰ ਲੈ ਕੇ ਸਿਆਸਤ ਗਰਮਾ ਗਈ ਹੈ। ਪੰਜਾਬ ਦੇ ਵਿਧਾਇਕ ਸੁਖਪਾਲ ਸਿੰਘ ਖਹਿਰਾ ਨੇ ਭਾਰਤ ਦੇ ਮਾਨਯੋਗ ਪ੍ਰਧਾਨ ਮੰਤਰੀ ਨੂੰ ਚਿੱਠੀ ਲਿਖ ਕੇ ਦੋਸ਼ ਲਗਾਏ ਹਨ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਮੁੱਖ ਸਕੱਤਰ ਦੇ ਦਫ਼ਤਰ 'ਤੇ ਦਬਾਅ ਪਾ ਕੇ ਸੂਬੇ ਭਰ ਦੇ ਵੋਟਰਾਂ ਦਾ ਵਿਸ਼ਾਲ ਪੱਧਰ 'ਤੇ ਨਿੱਜੀ ਡਾਟਾ ਇਕੱਠਾ ਕਰਨ ਦੀ ਤਿਆਰੀ ਕੀਤੀ ਜਾ ਰਹੀ ਹੈ। ਖਹਿਰਾ ਨੇ ਚਿੱਠੀ ਵਿੱਚ ਕਿਹਾ ਹੈ ਕਿ ਕਥਿਤ ਤੌਰ 'ਤੇ "ਜਾਤੀ ਅਤੇ ਡਰਗ ਜਨਗਣਨਾ" ਦੇ ਨਾਮ ਹੇਠ ਨਾਗਰਿਕਾਂ ਤੋਂ 127 ਤੱਕ ਨਿੱਜੀ ਸਵਾਲ ਪੁੱਛੇ ਜਾ ਰਹੇ ਹਨ। ਇਨ੍ਹਾਂ ਵਿੱਚ ਆਧਾਰ ਅਤੇ ਪੈਨ ਕਾਰਡ ਦੀ ਜਾਣਕਾਰੀ, ਜਾਤੀ, ਧਾਰਮਿਕ ਵਿਸ਼ਵਾਸ, ਡੇਰਿਆਂ ਨਾਲ ਸੰਬੰਧ, ਨਸ਼ਿਆਂ ਅਤੇ ਗੈਂਗਸਟਰਾਂ ਵਿਰੁੱਧ ਸਰਕਾਰੀ ਨੀਤੀਆਂ ਬਾਰੇ ਰਾਇ, ਅਤੇ ਮੁਫ਼ਤ ਬਿਜਲੀ ਵਰਗੀਆਂ ਯੋਜਨਾਵਾਂ ਪ੍ਰਤੀ ਸੰਤੁਸ਼ਟੀ ਦੇ ਪੱਧਰ ਵਰਗੇ ਸੰਵੇਦਨਸ਼ੀਲ ਮੁੱਦੇ ਸ਼ਾਮਲ ਦੱਸੇ ਜਾ ਰਹੇ ਹਨ।ਉਨ੍ਹਾਂ ਅਨੁਸਾਰ, ਇਹ ਐਕਸਰਸਾਈਜ਼ ਪ੍ਰਸ਼ਾਸਕੀ ਜਾਂ ਲੋਕ-ਭਲਾਈ ਦੇ ਉਦੇਸ਼ਾਂ ਤੋਂ ਵੱਧ ਰਾਜਨੀਤਿਕ ਲਾਭ ਲਈ ਕੀਤੀ ਜਾ ਰਹੀ ਦਿਖਾਈ ਦਿੰਦੀ ਹੈ, ਜੋ ਨਾਗਰਿਕਾਂ ਦੀ ਨਿੱਜਤਾ ਅਤੇ ਲੋਕਤੰਤਰਕ ਪ੍ਰਕਿਰਿਆ ਲਈ ਗੰਭੀਰ ਖ਼ਤਰਾ ਹੈ। ਖਹਿਰਾ ਨੇ ਇਹ ਵੀ ਦਾਅਵਾ ਕੀਤਾ ਕਿ ਮਾਲਵਾ, ਦੋਆਬਾ ਅਤੇ ਮਾਝਾ ਖੇਤਰਾਂ ਦੇ ਕੁਝ ਪਿੰਡਾਂ ਵਿੱਚ ਪਾਇਲਟ ਪ੍ਰੋਜੈਕਟ ਸ਼ੁਰੂ ਕੀਤਾ ਗਿਆ ਹੈ, ਜਿਸਨੂੰ ਅੱਗੇ ਚੱਲ ਕੇ ਰਾਜ ਪੱਧਰੀ ਸਰਵੇ ਬਣਾਇਆ ਜਾ ਸਕਦਾ ਹੈ। ਚਿੱਠੀ ਵਿੱਚ ਜ਼ੋਰ ਦੇ ਕੇ ਕਿਹਾ ਗਿਆ ਹੈ ਕਿ ਮੁੱਖ ਸਕੱਤਰ ਵਰਗੇ ਆਲ ਇੰਡੀਆ ਸਰਵਿਸਿਜ਼ ਅਧਿਕਾਰੀਆਂ ਤੋਂ ਸਿਆਸੀ ਤਟਸਥਤਾ ਦੀ ਉਮੀਦ ਕੀਤੀ ਜਾਂਦੀ ਹੈ ਅਤੇ ਉਨ੍ਹਾਂ ਨੂੰ ਪੱਖਪਾਤੀ ਰਾਜਨੀਤਿਕ ਮਕਸਦਾਂ ਲਈ ਡਾਟਾ ਇਕੱਠਾ ਕਰਨ ਲਈ ਮਜਬੂਰ ਕਰਨਾ ਪ੍ਰਸ਼ਾਸਕੀ ਮਰਿਆਦਾ ਦੇ ਖ਼ਿਲਾਫ਼ ਹੈ। ਸੁਖਪਾਲ ਖਹਿਰਾ ਨੇ ਪ੍ਰਧਾਨ ਮੰਤਰੀ ਤੋਂ ਮੰਗ ਕੀਤੀ ਹੈ ਕਿ ਕਰਮਚਾਰੀ ਅਤੇ ਟ੍ਰੇਨਿੰਗ ਵਿਭਾਗ ਰਾਹੀਂ ਇਸ ਮਾਮਲੇ ਦੀ ਤੁਰੰਤ ਜਾਂਚ ਕਰਵਾਈ ਜਾਵੇ ਅਤੇ ਇਹ ਯਕੀਨੀ ਬਣਾਇਆ ਜਾਵੇ ਕਿ ਨਾਗਰਿਕਾਂ ਦਾ ਕੋਈ ਵੀ ਨਿੱਜੀ ਜਾਂ ਸੰਵੇਦਨਸ਼ੀਲ ਡਾਟਾ ਬਿਨਾਂ ਕਾਨੂੰਨੀ ਮਨਜ਼ੂਰੀ ਅਤੇ ਯਥੋਚਿਤ ਸੁਰੱਖਿਆ ਉਪਾਅ ਤੋਂ ਬਿਨਾਂ ਇਕੱਠਾ ਨਾ ਕੀਤਾ ਜਾਵੇ। ਇਸ ਮਾਮਲੇ ਨੇ ਪੰਜਾਬ ਦੀ ਸਿਆਸਤ ਵਿੱਚ ਨਵੀਂ ਚਰਚਾ ਛੇੜ ਦਿੱਤੀ ਹੈ ਅਤੇ ਹੁਣ ਸਭ ਦੀ ਨਜ਼ਰ ਕੇਂਦਰ ਸਰਕਾਰ ਦੇ ਅਗਲੇ ਕਦਮ 'ਤੇ ਟਿਕੀ ਹੋਈ ਹੈ।

## ਡਾ. ਅਨਵਰ ਭਸੌੜ ਵੀਰਵਾਰ ਅਤੇ ਸ਼ੁੱਕਰਵਾਰ ਨੂੰ ਲੋਕਾਂ ਦੀਆਂ ਮੁਸ਼ਕਲਾਂ ਸੁਣਨਗੇ



**ਧੂਰੀ (ਰਣਜੀਤ ਸਿੰਘ ਪੇਧਨੀ )**-ਪੰਜਾਬ ਦੇ ਮੁੱਖ ਮੰਤਰੀ ਸ, ਭਗਵੰਤ ਸਿੰਘ ਮਾਨ ਦੇ ਅਤੀ ਨਜ਼ਦੀਕੀਆਂ ਵਜੋਂ ਜਾਣੇ ਜਾਂਦੇ ਪੰਜਾਬ ਵਕਫ ਬੋਰਡ ਦੇ ਮੈਂਬਰ ਡਾਕਟਰ ਅਨਵਰ ਭਸੌੜ ਨੂੰ ਮੁੱਖ ਮੰਤਰੀ ਕੈਂਪਸ ਦਫਤਰ ਦੇ ਵਿੱਚ ਫੀਡਲ ਅਫਸਰ ਵਜੋਂ ਨਿਯੁਕਤ ਕੀਤਾ ਗਿਆ ਹੈ। ਉਹ ਵੀਰਵਾਰ ਅਤੇ ਸ਼ੁਕਰਵਾਰ ਨੂੰ ਆਮ ਲੋਕਾਂ ਦੀਆਂ ਮੁਸ਼ਿਕਲਾਂ ਸੁਣਿਆ ਕਰਨਗੇ । ਇਸ ਮੌਕੇ ਪ੍ਰੈਸ ਨਾਲ ਜਾਣਕਾਰੀ ਸਾਂਝੀ ਕਰਦਿਆਂ ਡਾ. ਅਨਵਰ ਭਸੌੜ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਲੋਕਾਂ ਦੀਆਂ ਸਮੱਸਿਆਵਾਂ ਨੂੰ ਪਹਿਲ ਦੇ ਆਧਾਰ 'ਤੇ ਹੱਲ ਕਰਨ ਲਈ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਸੀ. ਐਮ. ਕੈਂਪ ਦਫ਼ਤਰ ਲੋਕਾਂ ਅਤੇ ਸਰਕਾਰ ਵਿਚਕਾਰ ਇੱਕ ਮਜ਼ਬੂਤ ਪੁਲ ਹੈ ਅਤੇ ਉਹ ਪੂਰੀ ਇਮਾਨਦਾਰੀ ਤੇ ਸਮਰਪਣ ਨਾਲ ਆਪਣੀ ਜ਼ਿੰਮੇਵਾਰੀ ਨਿਭਾਉਣਗੇ।

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

# ਦਿੱਲੀ ਅੰਦਰ ਜਨਵਰੀ ਦੇ ਪਹਿਲੇ 15 ਦਿਨਾਂ ਵਿਚ ਹੀ 800 ਤੋਂ ਵੱਧ ਲੋਕ ਹੋ ਗਏ ਲਾਪਤਾ




**ਨਵੀਂ ਦਿੱਲੀ 4 ਫਰਵਰੀ (ਮਨਪ੍ਰੀਤ ਸਿੰਘ ਖਾਲਸਾ)**:- ਦਿੱਲੀ ਤੋਂ ਇੱਕ ਹੈਰਾਨ ਕਰਨ ਵਾਲੀ ਰਿਪੋਰਟ ਸਾਹਮਣੇ ਆਈ ਹੈ। ਰਿਪੋਰਟ ਦੇ ਅਨੁਸਾਰ, 2026 ਦੇ ਪਹਿਲੇ 15 ਦਿਨਾਂ ਵਿੱਚ ਦਿੱਲੀ ਵਿੱਚ 800 ਤੋਂ ਵੱਧ ਲੋਕ ਲਾਪਤਾ ਹੋਏ। ਇਨ੍ਹਾਂ ਮਾਮਲਿਆਂ ਵਿੱਚੋਂ ਲਗਭਗ ਦੋ ਤਿਹਾਈ ਔਰਤਾਂ ਅਤੇ ਕੁੜੀਆਂ ਸਨ। ਇਹ ਦਿੱਲੀ ਪੁਲਿਸ ਦੇ ਅਧਿਕਾਰਤ ਅੰਕੜੇ ਹਨ। ਨਿਊਜ਼ ਏਜੰਸੀ ਪੀਟੀਆਈ ਦੇ ਅਨੁਸਾਰ, 1 ਤੋਂ 15 ਜਨਵਰੀ ਦੇ ਵਿਚਕਾਰ ਕੁੱਲ 807 ਲੋਕ ਲਾਪਤਾ ਹੋਏ, ਜਾਂ ਔਸਤਨ 54 ਲੋਕ ਹਰ ਰੋਜ਼ ਲਾਪਤਾ ਹੋਏ। ਇਨ੍ਹਾਂ ਵਿੱਚੋਂ 509 ਔਰਤਾਂ ਅਤੇ ਕੁੜੀਆਂ ਸਨ, ਅਤੇ 298 ਪੁਰਸ਼ ਸਨ। ਦਿੱਲੀ ਪੁਲਿਸ ਦੇ ਅੰਕੜਿਆਂ ਅਨੁਸਾਰ, ਕੁੱਲ ਲਾਪਤਾ ਲੋਕਾਂ ਵਿੱਚੋਂ 191 ਨਾਬਾਲਗ ਸਨ, ਜਦੋਂ ਕਿ 616 ਬਾਲਗ ਲਾਪਤਾ ਦੱਸੇ ਗਏ ਸਨ। ਅੰਕੜਿਆਂ ਤੋਂ ਪਤਾ ਲੱਗਾ ਹੈ ਕਿ ਲਗਭਗ 572 ਲੋਕ ਅਜੇ ਵੀ ਲਾਪਤਾ ਹਨ, ਜਦੋਂ ਕਿ ਪੁਲਿਸ ਲਾਪਤਾ ਲੋਕਾਂ ਵਿੱਚੋਂ 235 ਨੂੰ ਲੱਭਣ ਵਿੱਚ ਕਾਮਯਾਬ ਰਹੀ ਹੈ। ਅੰਕੜਿਆਂ ਤੋਂ ਇਹ ਵੀ ਪਤਾ ਲੱਗਾ ਹੈ ਕਿ 1 ਤੋਂ 15 ਜਨਵਰੀ ਤੱਕ ਹਰ ਰੋਜ਼ ਔਸਤਨ 13 ਬੱਚੇ ਲਾਪਤਾ ਹੋਏ, ਜਿਨ੍ਹਾਂ ਵਿੱਚੋਂ 191 ਲਾਪਤਾ ਨਾਬਾਲਗਾਂ ਵਿੱਚੋਂ 146 ਕੁੜੀਆਂ ਹਨ। ਲਾਪਤਾ ਨਾਬਾਲਗਾਂ ਵਿੱਚੋਂ 169 ਕਿਸ਼ੋਰ ਸਨ। ਇਨ੍ਹਾਂ ਵਿੱਚੋਂ 138 ਕਿਸ਼ੋਰ ਲੜਕੀਆਂ ਸਨ ਅਤੇ 31 ਮੁੰਡੇ ਸਨ। ਅੰਕੜਿਆਂ ਅਨੁਸਾਰ, ਪੁਲਿਸ 29 ਕੁੜੀਆਂ ਅਤੇ 19 ਮੁੰਡੇ ਲੱਭਣ ਵਿੱਚ ਕਾਮਯਾਬ ਰਹੀ, ਪਰ ਲਗਭਗ 71 ਪ੍ਰਤੀਸ਼ਤ ਕਿਸ਼ੋਰ ਅਜੇ ਵੀ ਲਾਪਤਾ ਹਨ। 8 ਤੋਂ 12 ਸਾਲ ਦੀ ਉਮਰ ਦੇ ਸਮੂਹ ਵਿੱਚ, 13 ਬੱਚੇ ਲਾਪਤਾ ਹੋ ਗਏ, ਜਿਨ੍ਹਾਂ ਵਿੱਚ ਅੱਠ ਮੁੰਡੇ ਅਤੇ ਪੰਜ ਕੁੜੀਆਂ ਸ਼ਾਮਲ ਹਨ। ਇਨ੍ਹਾਂ ਵਿੱਚੋਂ ਸਿਰਫ਼ ਤਿੰਨ ਮੁੰਡੇ ਹੀ ਲੱਭੇ ਗਏ ਹਨ। ਅੱਠ ਸਾਲ ਤੋਂ ਘੱਟ ਉਮਰ ਵਰਗ ਵਿੱਚ, ਕੁੱਲ ਨੌਂ ਬੱਚੇ ਲਾਪਤਾ ਹੋਣ ਦੀ ਰਿਪੋਰਟ ਕੀਤੀ ਗਈ ਸੀ, ਜਿਨ੍ਹਾਂ ਵਿੱਚੋਂ ਤਿੰਨ ਮੁੰਡੇ ਮਿਲ ਗਏ ਸਨ, ਅਤੇ ਛੇ ਬੱਚੇ ਅਜੇ ਵੀ ਲਾਪਤਾ ਹਨ। ਹਾਲਾਂਕਿ, ਲਾਪਤਾ ਵਿਅਕਤੀਆਂ ਦੀ ਸਭ ਤੋਂ ਵੱਡੀ ਗਿਣਤੀ ਬਾਲਗਾਂ ਦੀ ਹੈ। ਜਨਵਰੀ ਦੇ ਪਹਿਲੇ ਪੰਦਰਵਾੜੇ ਵਿੱਚ, 616 ਬਾਲਗ ਲਾਪਤਾ ਹੋਣ ਦੀ ਰਿਪੋਰਟ ਕੀਤੀ ਗਈ ਸੀ, ਜਿਨ੍ਹਾਂ ਵਿੱਚ 363 ਔਰਤਾਂ ਅਤੇ 253 ਮਰਦ ਸ਼ਾਮਲ ਸਨ। ਅੰਕੜਿਆਂ ਤੋਂ ਪਤਾ ਚੱਲਿਆ ਕਿ ਪੁਲਿਸ 90 ਪੁਰਸ਼ਾਂ ਅਤੇ 91 ਔਰਤਾਂ ਦਾ ਪਤਾ ਲਗਾਉਣ ਵਿੱਚ ਕਾਮਯਾਬ ਰਹੀ, ਪਰ 435 ਲੋਕ ਅਜੇ ਵੀ ਲਾਪਤਾ ਹਨ। 2025 ਵਿੱਚ, ਦਿੱਲੀ ਵਿੱਚ ਕੁੱਲ 24,508 ਲੋਕ ਲਾਪਤਾ ਹੋਏ ਸਨ, ਜਿਨ੍ਹਾਂ ਵਿੱਚੋਂ 14,870 ਔਰਤਾਂ ਸਨ, ਜੋ ਕਿ 60% ਤੋਂ ਵੱਧ ਮਾਮਲੇ ਸਨ। ਪੁਰਸ਼ਾਂ ਦੀ ਗਿਣਤੀ 9,638 ਸੀ। ਅੰਕੜਿਆਂ ਤੋਂ ਪਤਾ ਚੱਲਦਾ ਹੈ ਕਿ ਪੁਲਿਸ 15,421 ਲੋਕਾਂ ਨੂੰ ਲੱਭਣ ਵਿੱਚ ਕਾਮਯਾਬ ਰਹੀ, ਪਰ 9,087 ਮਾਮਲੇ ਅਣਸੁਲਝੇ ਰਹੇ।




# ਨਕੋਦਰ ਨਜ਼ਦੀਕ ਪਿੰਡ ਕੰਗ ਸਾਬੂ ਦੇ ਕੰਗ ਪਰਿਵਾਰ ਨੂੰ ਗਹਿਰਾ ਸਦਮਾ

## ਸਰਦਾਰ ਗੁਰਦੇਵ ਸਿੰਘ ਪੱਕਿਆਂ ਵਾਲੇ ਦੀ ਪਤਨੀ ਬੀਬੀ ਗਿਆਨ ਕੌਰ ਅਕਾਲ ਚਲਾਣਾ ਕਰ ਗਏ

### ਸਰਦਾਰ ਬਲਜੀਤ ਸਿੰਘ ਕੰਗ (ਇੰਗਲੈਂਡ) ਅਤੇ ਅਮਰਜੀਤ ਸਿੰਘ ਕੰਗ (ਕੈਨੇਡਾ) ਦੇ ਮਾਤਾ ਜੀ ਸਨ



**ਕੈਨੇਡਾ:** ਬਹੁਤ ਹੀ ਦੁਖੀ ਹਿਰਦੇ ਨਾਲ ਸੂਚਿਤ ਕੀਤਾ ਜਾਂਦਾ ਹੈ ਕਿ ਬੀਬੀ ਗਿਆਨ ਕੌਰ ਕੰਗ, ਪਤਨੀ ਸਰਦਾਰ ਗੁਰਦੇਵ ਸਿੰਘ (ਪੱਕਿਆਂ ਵਾਲੇ) ਅਤੇ ਮਾਤਾ ਸਰਦਾਰ ਬਲਜੀਤ ਸਿੰਘ ਕੰਗ (ਯੂ.ਕੇ.) ਤੇ ਅਮਰਜੀਤ ਸਿੰਘ ਕੰਗ (ਕੈਨੇਡਾ), ਮਿਤੀ 02 ਫ਼ਰਵਰੀ 2026 ਨੂੰ ਕੈਨੇਡਾ ਵਿਖੇ ਅਕਾਲ ਚਲਾਣਾ ਕਰ ਗਏ ਹਨ। ਉਹ ਪਿਛਲੇ ਲਗਭਗ ਦੋ ਮਹੀਨਿਆਂ ਤੋਂ ਬਿਮਾਰ ਚੱਲ ਰਹੇ ਸਨ।

ਉਨ੍ਹਾਂ ਦੇ ਅਕਾਲ ਵਿਛੋੜੇ ਨਾਲ ਪਿੰਡ ਕੰਗ ਸਾਬੂ (ਨਕੋਦਰ) ਨਾਲ ਸੰਬੰਧਿਤ ਕੰਗ ਪਰਿਵਾਰ ਸਮੇਤ ਸਾਰੇ ਰਿਸ਼ਤੇਦਾਰਾਂ, ਸਨੇਹੀਆਂ ਅਤੇ ਜਾਣ-ਪਛਾਣ ਵਾਲਿਆਂ ਵਿੱਚ ਡੂੰਘਾ ਸੋਗ ਪਾਇਆ ਜਾ ਰਿਹਾ ਹੈ।

ਪਰਮਾਤਮਾ ਅੱਗੇ ਅਰਦਾਸ ਹੈ ਕਿ ਵਿਛੜੀ ਰੂਹ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖ਼ਸ਼ੇ ਅਤੇ ਪਿੱਛੇ ਰਹਿੰਦੇ ਪਰਿਵਾਰ ਨੂੰ ਇਹ ਭਾਣਾ ਮਨਣ ਦਾ ਬਲ ਬਖ਼ਸ਼ੇ।

### ਅੰਤਿਮ ਸੰਸਕਾਰ ਸੰਬੰਧੀ ਜਾਣਕਾਰੀ

**ਅੰਤਿਮ ਦਰਸ਼ਨ ਅਤੇ ਸੰਸਕਾਰ**

**ਸ਼ਨੀਵਾਰ, 7 ਫ਼ਰਵਰੀ 2026**

**Kitchener Funeral Homes & Crematorium**

**ਸਮਾਂ: ਸਵੇਰੇ 11:00 ਵਜੇ - ਦੁਪਹਿਰ 1:00 ਵਜੇ**

**ਪਤਾ: 3 Forwell Rd, Kitchener, ON, Canada**

**ਸਹਜ ਪਾਠ ਭੋਗ ਅਤੇ ਅਰਦਾਸ**

**Siri Guru Singh Sabha Cambridge Gurdwara**

**ਸਮਾਂ: ਦੁਪਹਿਰ 2:00 ਵਜੇ - 4:00 ਵਜੇ**

**ਪਤਾ: 1070 Townline Rd, Cambridge, ON, Canada**


**ਸਭ ਸਨੇਹੀਆਂ ਨੂੰ ਬੇਨਤੀ ਹੈ ਕਿ ਬੀਬੀ ਗਿਆਨ ਕੌਰ ਜੀ ਦੀ ਆਤਮਕ ਸ਼ਾਂਤੀ ਲਈ ਹਾਜ਼ਰੀ ਭਰ ਕੇ ਅਰਦਾਸ ਵਿੱਚ ਸ਼ਾਮਿਲ ਹੋਣ।**

**ਅਦਾਰਾ "ਆਵਾਜ਼ਿ ਕੌਮ" ਵੱਲੋਂ ਵੀ ਪਰਿਵਾਰ ਦੇ ਇਸ ਅਤਿਅੰਤ ਦੁੱਖ ਵਿੱਚ ਸ਼ਰੀਕ ਹੁੰਦੇ ਹੋਏ ਡੂੰਘਾ ਦੁੱਖ ਪ੍ਰਗਟ ਕੀਤਾ ਗਿਆ ਹੈ ਅਤੇ ਅਰਦਾਸ ਕੀਤੀ ਗਈ ਹੈ ਕਿ ਪਰਮਾਤਮਾ ਵਿਛੜੀ ਰੂਹ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖ਼ਸ਼ੇ ਅਤੇ ਕੰਗ ਪਰਿਵਾਰ ਨੂੰ ਇਹ ਦੁੱਖ ਸਹਿਣ ਦਾ ਬਲ ਪ੍ਰਦਾਨ ਕਰੇ।**

### ਜਦੋ ਦੇਸ਼ ਦੀ ਸੁਰੱਖਿਆ ਸਭ ਤੋਂ ਗੰਭੀਰ ਸੰਕਟ ਵਿੱਚ ਸੀ ਤਦ ਨਰਿੰਦਰ ਮੋਦੀ ਨੇ ਛੱਡੀ ਰਾਜਨੀਤਿਕ ਜ਼ਿੰਮੇਵਾਰੀ: ਰਾਹੁਲ ਗਾਂਧੀ

# ਸੰਸਦ ਵਿਚ ਅਣਛਪੀ ਕਿਤਾਬ ਦੱਸੇ ਜਾਣ ਤੇ ਰਾਹੁਲ ਗਾਂਧੀ ਨੇ ਕਿਤਾਬ ਨੂੰ ਕੀਤਾ ਪੇਸ਼

**ਨਵੀਂ ਦਿੱਲੀ, 4 ਫਰਵਰੀ (ਮਨਪ੍ਰੀਤ ਸਿੰਘ ਖਾਲਸਾ):-** ਕਾਂਗਰਸ ਦੇ ਸਾਬਕਾ ਪ੍ਰਧਾਨ ਅਤੇ ਲੋਕ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਨੇ ਕਿਹਾ ਹੈ ਕਿ ਉਨ੍ਹਾਂ ਨੂੰ ਸੰਸਦ ਵਿੱਚ ਇੱਕ ਕਿਤਾਬ ਵਿੱਚੋਂ ਹਵਾਲਾ ਦੇਣ ਤੋਂ ਇਸ ਆਧਾਰ 'ਤੇ ਰੋਕਿਆ ਜਾ ਰਿਹਾ ਹੈ ਕਿ ਇਹ ਕਦੇ ਪ੍ਰਕਾਸ਼ਿਤ ਨਹੀਂ ਹੋਈ। ਅੱਜ, ਉਨ੍ਹਾਂ ਦੇ ਹੱਥ ਵਿੱਚ ਓਹੀ ਕਿਤਾਬ ਹੈ ਅਤੇ ਉਹ ਇਸਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਭੇਟ ਕਰਨਾ ਚਾਹੁੰਦੇ ਹਨ। ਲੋਕ ਸਭਾ ਤੋਂ ਮੁਅੱਤਲ ਕੀਤੇ ਗਏ ਅੱਠ ਕਾਂਗਰਸੀ ਸੰਸਦ ਮੈਂਬਰਾਂ ਦੇ ਸੰਸਦ ਭਵਨ ਕੰਪਲੈਕਸ ਦੇ ਮੁੱਖ ਦੁਆਰ 'ਤੇ ਧਰਨੇ 'ਤੇ ਬੈਠਣ ਤੋਂ ਬਾਅਦ, ਰਾਹੁਲ ਗਾਂਧੀ ਨੇ ਬੁੱਧਵਾਰ ਨੂੰ ਪੱਤਰਕਾਰਾਂ ਨੂੰ ਕਿਹਾ ਕਿ ਸਰਕਾਰ ਦਾਅਵਾ ਕਰ ਰਹੀ ਹੈ ਕਿ ਲੋਕ ਸਭਾ ਵਿੱਚ ਰਾਸ਼ਟਰਪਤੀ ਦੇ ਭਾਸ਼ਣ 'ਤੇ ਧੰਨਵਾਦ ਪ੍ਰਸਤਾਵ 'ਤੇ ਚਰਚਾ ਦੌਰਾਨ ਜਿਸ ਕਿਤਾਬ ਦਾ ਹਵਾਲਾ ਦੇਣਾ ਚਾਹੁੰਦੇ ਹਨ, ਉਸ ਦੇ ਅੰਸ਼ ਝੂਠੇ ਹਨ ਅਤੇ ਕਿਤਾਬ ਕਦੇ ਪ੍ਰਕਾਸ਼ਿਤ ਨਹੀਂ ਹੋਈ ਹੈ। ਪੱਤਰਕਾਰਾਂ ਨੂੰ ਕਿਤਾਬ ਦੀ ਕਾਪੀ ਦਿਖਾਉਂਦੇ ਹੋਏ, ਉਨ੍ਹਾਂ ਸਵਾਲ ਕੀਤਾ ਕਿ ਸਰਕਾਰ ਦੇ ਸੀਨੀਅਰ ਮੰਤਰੀ ਕਿਸ ਆਧਾਰ 'ਤੇ ਕਹਿ ਰਹੇ ਹਨ ਕਿ ਕਿਤਾਬ ਕਦੇ ਪ੍ਰਕਾਸ਼ਿਤ ਨਹੀਂ ਹੋਈ ਹੈ। ਉਨ੍ਹਾਂ ਨੇ ਸੋਸ਼ਲ ਮੀਡੀਆ 'ਤੇ ਇਸ ਬਾਰੇ ਪੋਸਟ ਵੀ ਕੀਤੀ, ਜੇਕਰ ਪ੍ਰਧਾਨ ਮੰਤਰੀ ਅੱਜ ਸੰਸਦ ਆਉਂਦੇ ਹਨ, ਤਾਂ ਮੈਂ ਉਨ੍ਹਾਂ ਨੂੰ ਇੱਕ ਕਿਤਾਬ ਭੇਟ ਕਰਾਂਗਾ। ਇਹ ਕਿਤਾਬ ਕਿਸੇ ਵਿਰੋਧੀ ਨੇਤਾ ਦੀ ਨਹੀਂ ਹੈ। ਇਹ ਕਿਤਾਬ ਕਿਸੇ ਵਿਦੇਸ਼ੀ ਲੇਖਕ ਦੀ ਨਹੀਂ ਹੈ। ਇਹ ਕਿਤਾਬ ਸਾਬਕਾ ਫੌਜ ਮੁਖੀ ਜਨਰਲ ਨਰਵਾਨੇ ਦੀ ਹੈ - ਅਤੇ ਹੈਰਾਨੀ ਦੀ ਗੱਲ ਹੈ ਕਿ ਇਹ ਕਿਤਾਬ ਕੈਬਨਿਟ ਮੰਤਰੀਆਂ ਵਿੱਚ ਵੀ ਮੌਜੂਦ ਨਹੀਂ ਹੈ। ਰਾਹੁਲ ਗਾਂਧੀ ਨੇ ਕਿਹਾ ਕਿ ਕਿਤਾਬ ਵਿੱਚ ਸਪੱਸ਼ਟ ਤੌਰ 'ਤੇ ਕਿਹਾ ਗਿਆ ਹੈ ਕਿ ਜਦੋਂ ਚੀਨੀ ਫੌਜ ਸਾਡੀ ਸਰਹੱਦ ਵਿੱਚ ਦਾਖਲ ਹੋਈ, ਤਾਂ ਫੌਜ ਮੁਖੀ ਨੂੰ ਅਜਿਹੇ ਨਾਜ਼ੁਕ ਪਲ 'ਤੇ ਉਡੀਕਦੇ ਰੱਖਿਆ ਗਿਆ। ਅਤੇ ਜਦੋਂ ਫੈਸਲਾ ਲੈਣ ਦਾ ਸਮਾਂ ਆਇਆ, ਤਾਂ ਪ੍ਰਧਾਨ ਮੰਤਰੀ ਨੇ ਸਿਰਫ਼ ਕਿਹਾ, ਜੋ ਤੁਹਾਨੂੰ ਸਹੀ ਲੱਗਦਾ ਹੈ ਉਹ ਕਰੋ। ਇਸਦਾ ਮਤਲਬ ਹੈ ਕਿ ਦੇਸ਼ ਦੀ ਸੁਰੱਖਿਆ ਦਾ ਸਾਹਮਣਾ ਕਰ ਰਹੇ ਸਭ ਤੋਂ ਗੰਭੀਰ ਸੰਕਟ ਵਿੱਚ, ਸ਼੍ਰੀ ਮੋਦੀ ਨੇ ਰਾਜਨੀਤਿਕ ਜ਼ਿੰਮੇਵਾਰੀ ਛੱਡ ਦਿੱਤੀ। ਉਨ੍ਹਾਂ ਕਿਹਾ ਕਿ ਜਨਰਲ ਨਰਵਾਨੇ ਨੇ ਖੁਦ ਲਿਖਿਆ ਸੀ ਕਿ ਉਸ ਸਮੇਂ ਉਨ੍ਹਾਂ ਨੂੰ ਲੱਗਦਾ ਸੀ ਕਿ ਰਾਜਨੀਤਿਕ ਲੀਡਰਸ਼ਿਪ ਨੇ ਫੌਜ ਨੂੰ ਛੱਡ ਦਿੱਤਾ ਹੈ। ਇਹ ਸੱਚਾਈ ਹੈ ਕਿ ਉਨ੍ਹਾਂ ਨੂੰ ਸੰਸਦ ਵਿੱਚ ਬੋਲਣ ਤੋਂ ਰੋਕਿਆ ਜਾ ਰਿਹਾ ਹੈ। ਦੇਸ਼ ਸਵਾਲ ਪੁੱਛ ਰਿਹਾ ਹੈ, ਅਤੇ ਸਰਕਾਰ ਉਨ੍ਹਾਂ ਦੇ ਜਵਾਬ ਦੇਣ ਤੋਂ ਭੱਜ ਰਹੀ ਹੈ। ਕਾਂਗਰਸ ਜਨਰਲ ਸਕੱਤਰ ਪ੍ਰਿਯੰਕਾ ਗਾਂਧੀ ਵਾਡਰਾ ਨੇ ਵੀ ਬਾਅਦ ਵਿੱਚ ਰਾਹੁਲ ਗਾਂਧੀ ਦੇ ਹੱਥ ਵਿੱਚ ਪ੍ਰਕਾਸ਼ਿਤ ਕਿਤਾਬ ਦੀ ਇੱਕ ਫੋਟੋ ਸੋਸ਼ਲ ਮੀਡੀਆ 'ਤੇ ਪੋਸਟ ਕੀਤੀ ਅਤੇ ਕਿਹਾ, ਇਹ ਸਾਬਕਾ ਫੌਜ ਮੁਖੀ ਨਰਵਾਨੇ ਜੀ ਦੀ ਕਿਤਾਬ ਹੈ। ਸਰਕਾਰ ਕਹਿ ਰਹੀ ਹੈ ਕਿ ਇਹ ਕਿਤਾਬ ਮੌਜੂਦ ਨਹੀਂ ਹੈ ਅਤੇ ਤੁਸੀਂ ਇਸਦਾ ਹਵਾਲਾ ਨਹੀਂ ਦੇ ਸਕਦੇ। ਇਸ ਵਿੱਚ ਨਰਵਾਨੇ ਜੀ ਨੇ ਲਿਖਿਆ ਹੈ ਕਿ ਚੀਨੀ ਫੌਜ ਲੱਦਾਖ ਵਿੱਚ ਸਾਡੇ ਖੇਤਰ ਵਿੱਚ ਦਾਖਲ ਹੋ ਰਹੀ ਹੈ। ਫੌਜ ਮੁਖੀ ਨੇ ਰਾਜਨਾਥ ਜੀ ਨੂੰ ਪੁੱਛਿਆ ਕਿ ਕੀ ਕਰਨਾ ਹੈ। ਸ਼ੁਰੂ ਵਿੱਚ, ਕੋਈ ਜਵਾਬ ਨਹੀਂ ਦਿੱਤਾ ਗਿਆ। ਵਾਰ-ਵਾਰ ਕਾਲ ਕਰਨ ਤੋਂ ਬਾਅਦ, ਨਰਿੰਦਰ ਮੋਦੀ ਜੀ ਨੇ ਇੱਕ ਸੁਨੇਹਾ ਭੇਜਿਆ, ਜੋ ਤੁਹਾਨੂੰ ਸਹੀ ਲੱਗਦਾ ਹੈ ਉਹ ਕਰੋ। ਇਸਦਾ ਮਤਲਬ ਹੈ ਕਿ ਮੋਦੀ ਜੀ ਨੇ ਆਪਣੀ ਜ਼ਿੰਮੇਵਾਰੀ ਨਹੀਂ ਨਿਭਾਈ। ਦੇਸ਼ ਨੂੰ ਨਰਿੰਦਰ ਮੋਦੀ ਬਾਰੇ ਇਹ ਸੱਚਾਈ ਜਾਣਨੀ ਚਾਹੀਦੀ ਹੈ।



ਗੁਰਦੁਆਰਾ ਸ੍ਰੀ ਅੰਬ ਸਾਹਿਬ ਮੋਹਾਲੀ ਨਾਲ ਸਬੰਧਤ ਜ਼ਮੀਨ ਦੀ ਵਿਕਰੀ ਧੋਖਾਧੜੀ ਨਾਲ ਕਰਨ ਦੇ ਮਾਮਲੇ 'ਚ

# ਮੈਨੇਜਰ ਮੁਅੱਤਲ, ਕਾਨੂੰਨੀ ਕਾਰਵਾਈ ਦੇ ਆਦੇਸ਼ ਜਾਰੀ

**ਚੰਡੀਗੜ੍ਹ, 4 ਫ਼ਰਵਰੀ (ਆਵਾਜ਼ਿ ਕੌਮ ਬਿਊਰੋ)**-ਗੁਰਦੁਆਰਾ ਸ੍ਰੀ ਅੰਬ ਸਾਹਿਬ ਪਾਤਸ਼ਾਹੀ ਸੱਤਵੀਂ ਲੰਬੇ ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੋਹਾਲੀ) ਦੀ ਪਿੰਡ ਸੈਣੀਮਾਜਰਾ (ਪ੍ਰੇਮਗੜ੍ਹ) ਵਿਖੇ ਪੈਂਦੀ 1 ਵਿਘਾ, 6 ਵਿਸਬੇ, 10 ਵਿਸਬਾਸੀਆਂ ਜ਼ਮੀਨ ਅਮਾਨਤ ਵਿੱਚ ਖਿਆਨਤ ਤੇ ਧੋਖਾਧੜੀ ਕਰਕੇ ਫ਼ਰਜ਼ੀ ਢੰਗ ਨਾਲ ਵੇਚਣ ਦੇ ਮਾਮਲੇ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪ੍ਰਧਾਨ ਐਡਵੋਕੇਟ ਸ. ਹਰਜਿੰਦਰ ਸਿੰਘ ਧਾਮੀ ਨੇ ਸਖ਼ਤ ਕਾਰਵਾਈ ਕਰਦਿਆਂ ਗੁਰਦੁਆਰਾ ਸਾਹਿਬ ਦੇ ਮੈਨੇਜਰ ਸ. ਰਜਿੰਦਰ ਸਿੰਘ ਨੂੰ ਮੁਅੱਤਲ ਕਰਨ ਦੇ ਨਾਲ-ਨਾਲ ਮੈਨੇਜਰ ਵਿਰੁੱਧ ਕਾਨੂੰਨੀ ਕਾਰਵਾਈ ਕਰਨ ਦਾ ਆਦੇਸ਼ ਕੀਤਾ ਹੈ। ਜੇਕਰ ਮੈਨੇਜਰ ਤੋਂ ਇਲਾਵਾ ਕਿਸੇ ਹੋਰ ਵਿਅਕਤੀ ਦੀ ਵੀ ਇਸ ਮਾਮਲੇ ਵਿੱਚ ਸ਼ਮੂਲੀਅਤ ਪਾਈ ਜਾਂਦੀ ਹੈ ਤਾਂ ਉਨ੍ਹਾਂ ਵਿਰੁੱਧ ਵੀ ਵਿਭਾਗੀ ਤੇ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਇਸ ਮਾਮਲੇ ਵਿੱਚ ਵਧੇਰੀ ਜਾਂਚ ਲਈ ਸ਼੍ਰੋਮਣੀ ਕਮੇਟੀ ਦੇ ਮੈਂਬਰਾਂ 'ਤੇ ਅਧਾਰਤ ਇੱਕ ਕਮੇਟੀ ਬਣਾਈ ਗਈ ਹੈ ਅਤੇ ਮੈਨੇਜਰ ਵੱਲੋਂ ਕਰਵਾਈ ਗਈ ਰਜਿਸਟਰੀ ਨੂੰ ਰੱਦ ਕਰਨ ਦੀ ਕਾਰਵਾਈ ਵੀ ਸ਼ੁਰੂ ਕਰ ਦਿੱਤੀ ਗਈ ਹੈ।



ਇਸ ਮਾਮਲੇ ਸਬੰਧੀ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਅੱਜ ਚੰਡੀਗੜ੍ਹ ਉਪ-ਦਫ਼ਤਰ ਵਿਖੇ ਪ੍ਰੈਸ ਵਾਰਤਾ ਦੌਰਾਨ ਕਿਹਾ ਕਿ ਸ਼੍ਰੋਮਣੀ ਕਮੇਟੀ ਦੇ ਕਿਸੇ ਵੀ ਅਧਿਕਾਰੀ ਜਾਂ ਗੁਰਦੁਆਰਾ ਸਾਹਿਬ ਦੇ ਮੈਨੇਜਰ ਨੂੰ ਇਹ ਅਧਿਕਾਰ ਨਹੀਂ ਹੈ ਕਿ ਉਹ ਆਪਣੇ ਪੱਧਰ ਉੱਤੇ ਗੁਰੂ ਘਰ ਨਾਲ ਸਬੰਧਤ ਕਿਸੇ ਜਾਇਦਾਦ ਨੂੰ ਵੇਚ ਸਕੇ। ਉਨ੍ਹਾਂ ਕਿਹਾ ਕਿ ਜੇਕਰ ਸਿੱਖ ਸੰਸਥਾ ਨੇ ਕੋਈ ਜ਼ਮੀਨ ਵੇਚਣੀ ਜਾਂ ਖਰੀਦਣੀ ਹੋਵੇ ਤਾਂ ਇਹ ਕਾਰਵਾਈ ਬਾਕਾਇਦਾ ਨਿਯਮਾਂ ਅਨੁਸਾਰ ਅੰਤ੍ਰਿੰਗ ਕਮੇਟੀ ਦੀ ਪ੍ਰਵਾਨਗੀ ਤੋਂ ਬਾਅਦ ਸਬੰਧਤ ਗੁਰਦੁਆਰਾ ਸਾਹਿਬ ਦੀ ਜਾਇਦਾਦ ਸਬ-ਕਮੇਟੀ ਰਾਹੀਂ ਹੀ ਕੀਤੀ ਜਾ ਸਕਦੀ ਹੈ।

ਐਡਵੋਕੇਟ ਧਾਮੀ ਨੇ ਕਿਹਾ ਕਿ ਇਸ ਮਾਮਲੇ ਵਿੱਚ ਵਧੇਰੀ ਵਿਭਾਗੀ ਜਾਂਚ ਪੜਤਾਲ ਲਈ ਇੱਕ ਪੰਜ-ਮੈਂਬਰੀ ਕਮੇਟੀ ਬਣਾਈ ਗਈ ਹੈ ਜਿਸ ਵਿੱਚ ਸ਼੍ਰੋਮਣੀ ਕਮੇਟੀ ਦੇ ਅੰਤ੍ਰਿੰਗ ਮੈਂਬਰ ਬੀਬੀ ਹਰਜਿੰਦਰ ਕੌਰ, ਮੁੱਖ ਸਕੱਤਰ ਸ. ਕੁਲਵੰਤ ਸਿੰਘ ਮੰਨਣ, ਮੈਂਬਰ ਸ. ਚਰਨਜੀਤ ਸਿੰਘ, ਅਧਿਕਾਰੀ ਜਾਂ ਮੁਲਾਜ਼ਮ ਵੱਲੋਂ ਭ੍ਰਿਸ਼ਟਾਚਾਰ ਜਾ ਮਾਮਲਾ ਆਉਂਦਾ ਹੈ ਤਾਂ ਉਸ ਨੂੰ ਕਿਸੇ ਵੀ ਸੂਰਤ ਵਿੱਚ ਬਖ਼ਸ਼ਿਆ ਨਹੀਂ ਜਾਵੇਗਾ। ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਅੰਤ੍ਰਿੰਗ ਕਮੇਟੀ ਮੈਂਬਰ ਸ. ਗੁਰਪ੍ਰੀਤ ਸਿੰਘ ਝੱਬਰ, ਮੁੱਖ ਸਕੱਤਰ ਸ. ਕੁਲਵੰਤ ਸਿੰਘ ਮੰਨਣ, ਮੈਂਬਰ ਸ. ਰਣਜੀਤ ਸਿੰਘ ਕਾਹਲੋਂ, ਮੀਤ ਸਕੱਤਰ ਸ. ਲਖਬੀਰ ਸਿੰਘ, ਸ. ਜਸਕਰਨ ਸਿੰਘ, ਸ. ਰਣਜੀਤ ਸਿੰਘ ਜਲੰਧਰ ਮੌਜੂਦ ਸਨ।

**ਐਡਵੋਕੇਟ ਧਾਮੀ ਵੱਲੋਂ ਸਮੂਹ ਅਧਿਕਾਰੀਆਂ ਤੇ ਮੁਲਾਜ਼ਮਾਂ ਨੂੰ ਡਿਊਟੀ ਇਮਾਨਦਾਰੀ ਨਾਲ ਕਰਨ ਦੀ ਤਾੜਨਾ, ਕਿਹਾ; ਭ੍ਰਿਸ਼ਟਾਚਾਰ ਦੇ ਮਾਮਲੇ 'ਚ ਬਖਸ਼ਿਆ ਨਹੀਂ ਜਾਵੇਗਾ**

ਪੰਜਾਬ ਦੀ ਸਿਆਸਤ ਵਿੱਚ ਵੱਡੀ ਹਲਚਲ

# ਅਕਾਲੀ ਦਲ ਵਾਰਿਸ ਪੰਜਾਬ ਦੇ ਵੱਲੋਂ ਇਕੋ ਦਿਨ 15 ਜ਼ਿਲ੍ਹਾ ਪ੍ਰਧਾਨ ਨਿਯੁਕਤ



ਅਮਨਦੀਪ ਸਿੰਘ ਡੱਡੂਆਣਾਂ ਅੰਮ੍ਰਿਤਸਰ (ਸ਼ਹਿਰੀ) | ਜਸਕਰਨ ਸਿੰਘ ਰਿਆੜ ਅੰਮ੍ਰਿਤਸਰ (ਦਿਹਾਤੀ) | ਪ੍ਰਭਜੋਤ ਸਿੰਘ ਰਾਹੋਂ (ਸ਼ਹੀਦ ਭਗਤ ਸਿੰਘ ਨਗਰ) | ਚਮਕੌਰ ਸਿੰਘ ਬਰਾੜ (ਬਠਿੰਡਾ)

ਲਖਬੀਰ ਸਿੰਘ ਕੋਟਲਾ (ਫ਼ਤਹਿਗੜ੍ਹ ਸਾਹਿਬ) | ਦਲੇਰ ਸਿੰਘ ਡੋਡ (ਫਰੀਦਕੋਟ) | ਅਵਤਾਰ ਸਿੰਘ ਸੇਖੋਂ (ਹੁਸ਼ਿਆਰਪੁਰ) | ਮਹਿੰਦਰ ਸਿੰਘ ਬਾਜਵਾ (ਜਲੰਧਰ)

ਕੁਲਵਿੰਦਰ ਸਿੰਘ (ਮਾਨਸਾ) | ਨਿਰਵੈਰ ਸਿੰਘ ਖ਼ਾਲਸਾ (ਮੋਗਾ) | ਐਡ. ਗੁਰਵਿੰਦਰ ਸਿੰਘ (ਬਰਨਾਲਾ) | ਜਸਵਿੰਦਰ ਸਿੰਘ ਡਰੌਲੀ (ਪਟਿਆਲਾ)

ਅਵਤਾਰ ਸਿੰਘ ਕਾਨਗੜ੍ਹ (ਸੰਗਰੂਰ) | ਬਲਜਿੰਦਰ ਸਿੰਘ ਲਸੋਈ (ਮਲੇਰਕੋਟਲਾ) | ਪ੍ਰਤਾਪ ਸਿੰਘ (ਫਾਜ਼ਿਲਕਾ)

**ਚੌਕ ਮਹਿਤਾ, 4 ਜਨਵਰੀ (ਬਾਬਾ ਸੁਖਵੰਤ ਸਿੰਘ ਚੰਨਣਕੇ)**-ਅਕਾਲੀ ਦਲ ਵਾਰਿਸ ਪੰਜਾਬ ਦੇ ਨੇ ਅੱਜ ਪਾਰਟੀ ਨੂੰ ਜ਼ਮੀਨੀ ਪੱਧਰ 'ਤੇ ਹੋਰ ਮਜ਼ਬੂਤ ਕਰਨ ਲਈ ਇਕੋ ਦਿਨ 15 ਜ਼ਿਲ੍ਹਾ ਪ੍ਰਧਾਨ ਨਿਯੁਕਤ ਕਰਨ ਦਾ ਵੱਡਾ ਫੈਸਲਾ ਲਿਆ। ਇਹ ਐਲਾਨ ਪਾਰਟੀ ਦੇ ਮੁੱਖ ਸੇਵਾਦਾਰ ਮੈਂਬਰ ਪਾਰਲੀਮੈਂਟ ਭਾਈ ਅੰਮ੍ਰਿਤਪਾਲ ਸਿੰਘ ਖਾਲਸਾ ਜੀ ਦੇ ਪਿਤਾ ਬਾਪੂ ਤਰਸੇਮ ਸਿੰਘ ਜੀ ਦੀ ਅਗਵਾਈ ਹੇਠ ਕੀਤਾ ਗਿਆ। ਜਿੰਨਾਂ ਵਿੱਚ ਭਾਈ ਅਮਨਦੀਪ ਸਿੰਘ ਡੱਡੂਆਣਾਂ ( ਅੰਮ੍ਰਿਤਸਰ ਸ਼ਹਿਰੀ ), ਭਾਈ ਜਸਕਰਨ ਸਿੰਘ ਰਿਆੜ ( ਅੰਮ੍ਰਿਤਸਰ ਦਿਹਾਤੀ ), ਭਾਈ ਪ੍ਰਭਜੋਤ ਸਿੰਘ ਰਾਹੋਂ ( ਨਵਾਂ ਸ਼ਹਿਰ, ਸ਼ਹੀਦ ਭਗਤ ਸਿੰਘ ਨਗਰ ), ਭਾਈ ਚਮਕੌਰ ਸਿੰਘ ਬਰਾੜ ( ਬਠਿੰਡਾ ), ਭਾਈ ਲਖਬੀਰ ਸਿੰਘ ਕੋਟਲਾ ( ਫ਼ਤਹਿਗੜ੍ਹ ਸਾਹਿਬ ), ਭਾਈ ਦਲੇਰ ਸਿੰਘ ਡੋਡ ( ਫਰੀਦਕੋਟ ), ਭਾਈ ਅਵਤਾਰ ਸਿੰਘ ਸੇਖੋਂ ( ਹੁਸ਼ਿਆਰਪੁਰ ), ਭਾਈ ਮਹਿੰਦਰ ਸਿੰਘ ਬਾਜਵਾ ( ਜਲੰਧਰ ), ਭਾਈ ਕੁਲਵਿੰਦਰ ਸਿੰਘ ( ਮਾਨਸਾ ), ਭਾਈ ਨਿਰਵੈਰ ਸਿੰਘ ਖ਼ਾਲਸਾ ( ਮੋਗਾ ), ਐਡਵੋਕੇਟ ਗੁਰਵਿੰਦਰ ਸਿੰਘ ( ਬਰਨਾਲਾ ), ਭਾਈ ਜਸਵਿੰਦਰ ਸਿੰਘ ਡਰੌਲੀ ( ਪਟਿਆਲਾ ), ਭਾਈ ਅਵਤਾਰ ਸਿੰਘ ਕਾਹਨਗੜ੍ਹ ( ਸੰਗਰੂਰ ), ਭਾਈ ਬਲਜਿੰਦਰ ਸਿੰਘ ਲਸੋਈ ( ਮਲੇਰਕੋਟਲਾ ) ਅਤੇ ਭਾਈ ਪ੍ਰਤਾਪ ਸਿੰਘ ਨੂੰ ( ਫਾਜ਼ਿਲਕਾ ) ਦੇ ਜਿਲਾ ਪ੍ਰਧਾਨ ਨਿਯੁਕਤ ਕੀਤਾ ਗਿਆ। ਅਕਾਲੀ ਦਲ ਵਾਰਿਸ ਪੰਜਾਬ ਦੇ ਮੁੱਖ ਦਫ਼ਤਰ ਸਕੱਤਰ ਭਾਈ ਪ੍ਰਗਟ ਸਿੰਘ ਮੀਆਂਵਿੰਡ ਨੇ, ਪ੍ਰੈਸ ਸਕੱਤਰ ਭਾਈ ਸ਼ਮਸ਼ੇਰ ਸਿੰਘ ਪੱਧਰੀ ਵੱਲੋਂ ਜਾਰੀ ਪ੍ਰੈਸ ਨੋਟ ਰਾਹੀਂ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਇਹ ਨਿਯੁਕਤੀਆਂ ਪਾਰਟੀ ਦੀ ਉਸ ਦ੍ਰਿੜ੍ਹ ਸੋਚ ਦਾ ਪ੍ਰਗਟਾਵਾ ਹਨ ਜੋ ਪੰਥਕ ਅਸੂਲਾਂ, ਪੰਜਾਬੀ ਹੱਕਾਂ ਅਤੇ ਜ਼ਮੀਨੀ ਪੱਧਰ 'ਤੇ ਸੰਘਰਸ਼ ਕਰਨ ਵਾਲੀ ਇਮਾਨਦਾਰ ਲੀਡਰਸ਼ਿਪ ਨੂੰ ਅੱਗੇ ਲਿਆਉਣ 'ਤੇ ਵਿਸ਼ਵਾਸ ਕਰਦੀ ਹੈ। ਉਨ੍ਹਾਂ ਕਿਹਾ ਕਿ ਨਵੇਂ ਨਿਯੁਕਤ ਜ਼ਿਲ੍ਹਾ ਪ੍ਰਧਾਨ ਪੰਜਾਬ ਦੇ ਹਰ ਵਰਗ ਦੀ ਆਵਾਜ਼ ਬਣਦੇ ਹੋਏ ਪਾਰਟੀ ਦੀ ਨੀਤੀ ਅਤੇ ਸੋਚ ਨੂੰ ਪਿੰਡ-ਪਿੰਡ ਤੇ ਸ਼ਹਿਰ-ਸ਼ਹਿਰ ਤੱਕ ਪਹੁੰਚਾਉਣਗੇ ਅਤੇ ਢਾਂਚੇ ਨੂੰ ਹੋਰ ਮਜ਼ਬੂਤ ਕਰਨ ਵਿੱਚ ਅਹਿਮ ਭੂਮਿਕਾ ਨਿਭਾਉਣਗੇ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਹੁਣ ਸਮਾਂ ਸਿਰਫ਼ ਵਾਅਦੇ ਕਰਨ ਦਾ ਨਹੀਂ, ਸਗੋਂ ਮੈਦਾਨ ਵਿੱਚ ਉਤਰ ਕੇ ਕੰਮ ਕਰਨ ਦਾ ਹੈ। ਅਕਾਲੀ ਦਲ ਵਾਰਿਸ ਪੰਜਾਬ ਦੇ ਪੰਜਾਬ ਦੇ ਨੌਜਵਾਨਾਂ, ਕਿਸਾਨਾਂ ਅਤੇ ਹਰ ਧਰਮ ਤੇ ਵਰਗ ਦੀ ਭਲਾਈ ਲਈ ਪੂਰੀ ਵਚਨਬੱਧਤਾ ਨਾਲ ਕੰਮ ਕਰਦਾ ਹੈ ਤੇ ਕਰਦਾ ਰਹੇਗਾ। ਉਨ੍ਹਾਂ ਇਹ ਵੀ ਦੱਸਿਆ ਕਿ ਇਹ ਵਿਸਥਾਰ ਸਿਰਫ਼ ਸ਼ੁਰੂਆਤ ਹੈ, ਆਉਣ ਵਾਲੇ ਸਮੇਂ ਵਿੱਚ ਜ਼ਿਲ੍ਹਾ ਪੱਧਰ ਤੋਂ ਅੱਗੇ ਵਾਰਡ, ਸਰਕਲ, ਬਲਾਕ ਅਤੇ ਪਿੰਡ ਪੱਧਰ ਤੱਕ ਪਾਰਟੀ ਦਾ ਢਾਂਚਾ ਖੜ੍ਹਾ ਕਰਕੇ ਲੋਕਾਂ ਨਾਲ ਹੋਰ ਮਜ਼ਬੂਤ ਜੋੜ ਬਣਾਇਆ ਜਾਵੇਗਾ। ਪਾਰਟੀ ਦੀ ਸੀਨੀਅਰ ਲੀਡਰਸ਼ਿਪ ਨੇ ਉਮੀਦ ਜਤਾਈ ਹੈ ਕਿ ਨਵੇਂ ਨਿਯੁਕਤ ਕੀਤੇ ਗਏ ਜ਼ਿਲ੍ਹਾ ਪ੍ਰਧਾਨ ਪੂਰੀ ਵਫ਼ਾਦਾਰੀ, ਇਮਾਨਦਾਰੀ ਅਤੇ ਸਮਰਪਣ ਨਾਲ ਆਪਣੀਆਂ ਜ਼ਿੰਮੇਵਾਰੀਆਂ ਨਿਭਾਉਣਗੇ ਅਤੇ ਪਾਰਟੀ ਦੇ ਪੰਜਾਬ-ਪੱਖੀ ਏਜੰਡੇ ਨੂੰ ਘਰ-ਘਰ ਤੱਕ ਪਹੁੰਚਾ ਕੇ ਪਾਰਟੀ ਨੂੰ ਨਵੀਂ ਤਾਕਤ ਦੇਣਗੇ।

# ਗਾਂਧੀ ਪਰਿਵਾਰ ਤੋਂ ਵੱਡਾ ਦੇਸ਼ ਦਾ ਕੋਈ ਗੱਦਾਰ ਨਹੀਂ: ਜਗਜੋਤ ਸਿੰਘ ਸੋਹੀ, ਇੰਦਰਜੀਤ ਸਿੰਘ



ਨਵੀਂ ਦਿੱਲੀ, 4 ਫਰਵਰੀ (ਮਨਪ੍ਰੀਤ ਸਿੰਘ ਖਾਲਸਾ): ਤਖ਼ਤ ਸ੍ਰੀ ਪਟਨਾ ਸਾਹਿਬ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸਰਦਾਰ ਜਗਜੋਤ ਸਿੰਘ ਸੋਹੀ ਅਤੇ ਜਨਰਲ ਸਕੱਤਰ ਸਰਦਾਰ ਇੰਦਰਜੀਤ ਸਿੰਘ ਨੇ ਵਿਰੋਧੀ ਧਿਰ ਆਗੂ ਰਾਹੁਲ ਗਾਂਧੀ ਵੱਲੋਂ ਦਸਤਾਰਧਾਰੀ ਸਿੱਖ ਤੇ ਕੇਂਦਰੀ ਮੰਤਰੀ ਰਵਨੀਤ ਸਿੰਘ ਬਿੱਟੂ ਨੂੰ ਗੱਦਾਰ ਕਹੇ ਜਾਣ ਦਾ ਗੰਭੀਰ ਨੋਟਿਸ ਲੈਂਦਿਆਂ ਕਿਹਾ ਹੈ ਕਿ ਗਾਂਧੀ ਪਰਿਵਾਰ ਨਾਲੋਂ ਵੱਡਾ ਦੇਸ਼ ਵਿਚ ਕੋਈ ਗੱਦਾਰ ਨਹੀਂ ਹੈ। ਮੀਡੀਆ ਨੂੰ ਜਾਰੀ ਕੀਤੇ ਇਕ ਬਿਆਨ ਵਿਚ ਸਰਦਾਰ ਜਗਜੋਤ ਸਿੰਘ ਸੋਹੀ ਤੇ ਸਰਦਾਰ ਇੰਦਰਜੀਤ ਸਿੰਘ ਨੇ ਆਖਿਆ ਕਿ ਸਮੁੱਚਾ ਦੇਸ਼ ਇਹ ਵੇਖ ਕੇ ਹੈਰਾਨ ਹੈ ਕਿ ਕਿਵੇਂ ਸੰਸਦ ਭਵਨ ਵਿਚ ਰਾਹੁਲ ਗਾਂਧੀ ਨੇ ਦਸਤਾਰਧਾਰੀ ਸਿੱਖ ਰਵਨੀਤ ਬਿੱਟੂ ਜੋ ਭਾਰਤ ਦੇ ਰੇਲ ਰਾਜ ਮੰਤਰੀ ਹਨ, ਨੂੰ ਗੱਦਾਰ ਕਹਿ ਕੇ ਸੰਬੋਧਨ ਵੀ ਕੀਤਾ ਤੇ ਇਹ ਦਾਅਵਾ ਵੀ ਕੀਤਾ ਕਿ ਉਹ ਕਾਂਗਰਸ ਵਿਚ ਵਾਪਸ ਪਰਤ ਆਉਣਗੇ। ਉਹਨਾਂ ਕਿਹਾ ਕਿ ਅਸਲੀਅਤ ਇਹ ਹੈ ਕਿ ਰਵਨੀਤ ਬਿੱਟੂ ਦਸਤਾਰ ਸਜਾ ਕੇ ਸਿੱਖਾਂ ਦੀ ਕੇਂਦਰੀ ਵਜ਼ਾਰਤ ਵਿਚ ਪ੍ਰਤੀਨਿਧਤਾ ਕਰਦੇ ਹਨ ਜਿਸ 'ਤੇ ਸਮੁੱਚੇ ਦੇਸ਼ ਦੇ ਸਿੱਖਾਂ ਨੂੰ ਮਾਣ ਹੈ। ਉਹਨਾਂ ਕਿਹਾ ਕਿ ਦੂਜੇ ਪਾਸੇ ਗਾਂਧੀ ਪਰਿਵਾਰ ਹੈ ਜਿਸਨੇ 1975 ਵਿਚ ਪਹਿਲਾਂ ਐਮਰਜੰਸੀ ਲਗਾ ਕੇ ਦੇਸ਼ ਨਾਲ ਗੱਦਾਰੀ ਕੀਤੀ ਤੇ ਫਿਰ 1984 ਵਿਚ ਸ੍ਰੀ ਦਰਬਾਰ ਸਾਹਿਬ 'ਤੇ ਟੈਂਕਾਂ ਅਤੇ ਤੋਪਾਂ ਨਾਲ ਹਮਲਾ ਕਰਵਾ ਕੇ ਅਤੇ ਫਿਰ 1984 ਵਿਚ ਦਿੱਲੀ ਤੇ ਹੋਰ ਸ਼ਹਿਰਾਂ ਵਿਚ ਸਿੱਖਾਂ ਦਾ ਕਤਲੇਆਮ ਕਰਵਾ ਕੇ ਦੇਸ਼ ਨਾਲ ਗੱਦਾਰੀ ਕੀਤੀ। ਉਹਨਾਂ ਕਿਹਾ ਕਿ ਰਾਹੁਲ ਗਾਂਧੀ ਦਾ ਰਵੱਈਆ ਦੱਸਦਾ ਹੈ ਕਿ ਉਹ ਮਾਨਸਿਕ ਤੌਰ 'ਤੇ ਦੀਵਾਲੀਏ ਹੋ ਗਏ ਹਨ ਅਤੇ ਉਹਨਾਂ ਨੂੰ ਸਮਝ ਹੀ ਨਹੀਂ ਆ ਰਿਹਾ ਕਿ ਉਹ ਆਪਣੀ ਰਾਜਨੀਤੀ ਚਮਕਾਉਣ ਵਾਸਤੇ ਕੀ ਕਰਨ। ਉਹਨਾਂ ਕਿਹਾ ਕਿ ਰਾਹੁਲ ਗਾਂਧੀ ਦੇ ਇਸ ਵਤੀਰੇ ਦੀ ਜਿੰਨੀ ਵੀ ਨਿਖੇਧੀ ਕੀਤੀ ਜਾਵੇ ਥੋੜ੍ਹੀ ਹੈ।

# ਵਿਸ਼ਵ ਸਿੱਖ ਚੈਂਬਰ ਆਫ਼ ਕਾਮਰਸ ਵੱਲੋਂ ਅੱਖਾਂ ਦੇ ਓਪਰੇਸ਼ਨ ਅਤੇ ਚਮੜੀ ਦੇ ਰੋਗਾ ਦਾ ਲਗਾਇਆ ਕੈਂਪ : ਰਜਿੰਦਰ ਸਿੰਘ ਮਰਵਾਹਾ



**ਚੌਕ ਮਹਿਤਾ, 4 ਫਰਵਰੀ (ਬਾਬਾ ਸੁਖਵੰਤ ਸਿੰਘ ਚੰਨਣਕੇ)**-ਵਿਸ਼ਵ ਸਿੱਖ ਚੈਂਬਰ ਆਫ਼ ਕਾਮਰਸ ਪੰਜਾਬ ਦੇ ਚੇਅਰਮੈਨ ਸ੍ਰ. ਰਜਿੰਦਰ ਸਿੰਘ ਮਰਵਾਹਾ ਅਤੇ ਸੱਕਤਰ ਜਨਰਲ ਪੰਜਾਬ ਹਰਪਾਲ ਸਿੰਘ ਆਹਲੂਵਾਲੀਆ ਦੀ ਅਗਵਾਈ ਹੇਠ " ਦਵਾਈ ਲੰਗਰ " ਉਦੇਸ਼ ਦੀ ਪੂਰਤੀ ਹਿੱਤ ਕਚਿਹਰੀ ਚੌਕ ਅੰਮ੍ਰਿਤਸਰ ਸਥਿਤ ਡਾ. ਸ਼ੁਕੀਨ ਸਿੱਖ ਅੱਖਾਂ ਦੇ ਹਸਪਤਾਲ ਵਿੱਚ ਲੋੜਵੰਦ 20 ਮਰੀਜ਼ਾਂ ਦੀਆਂ ਅੱਖਾਂ ਵਿੱਚ ਮੁਫ਼ਤ ਲੈਂਜ ਪਾਉਣ ਦੀ ਫਰੀ ਸੇਵਾ ਕੀਤੀ ਗਈ। ਇਸ ਸੇਵਾ ਕਾਰਜ ਵਿੱਚ ਆਰਕੀਟੈਕਟ ਜੱਜਬੀਰ ਸਿੰਘ ਅਤੇ ਹੋਰ ਸਮਰੱਥ ਪਤਵੰਤਿਆਂ ਨੇ ਦਿਲ ਖੋਲ੍ਹ ਕੇ ਮਾਇਕ ਭੇਟਾਵਾਂ ਅਰਪਣ ਕੀਤੀਆਂ। ਜ਼ਰੂਰਤਮੰਦ ਮਰੀਜ਼ਾਂ ਦੀਆਂ ਅੱਖਾਂ ਵਿਚ ਲੈਂਜ ਪਾਉਣ ਤੋਂ ਇਲਾਵਾ ਦਵਾਈਆਂ, ਐਨਕਾ ਵੀ ਫਰੀ ਦਿੱਤੀਆਂ ਗਈਆਂ, ਤਕਰੀਬਨ 170 ਮਰੀਜਾ ਨੇ ਅੱਖਾਂ ਅਤੇ ਚਮੜੀ ਦੀ ਜਾਂਚ ਕਰਵਾਈ, ਇਸ ਕੈਂਪ ਦੇ ਸਫ਼ਲਤਾ ਸਹਿਤ ਸੰਚਾਲਨ ਕਰਨ ਦੀ ਸੇਵਾ ਵਿੱਚ ਡਾ. ਸ਼ੁਕੀਨ ਸਿੰਘ, ਡਾਕਟਰ ਅਮਰਜੀਤ ਸਿੰਘ ਸੱਚਦੇਵਾ ਅਤੇ ਉਨ੍ਹਾਂ ਦੇ ਸਹਾਇਕ ਡਾਕਟਰ ਅਤੇ ਓਪਰੇਸ਼ਨ ਸਟਾਫ, ਬਾਬਾ ਅਮਨਦੀਪ ਸਿੰਘ ਜੀ ਜਥੇਦਾਰ ਟਕਸਾਲ ਭਾਈ ਮਨੀ ਸਿੰਘ ਜੀ ਗਲੀ ਸੱਤੋਵਾਲੀ ਅੰਮ੍ਰਿਤਸਰ, ਡਾ. ਜਗਜੀਤ ਸਿੰਘ ਜੱਗਾ, ਹਰਪਾਲ ਸਿੰਘ ਆਹਲੂਵਾਲੀਆ, ਆਰਕੀਟੈਕਟ ਜੱਜਬੀਰ ਸਿੰਘ ਆਹਲੂਵਾਲੀਆ ਨੇ ਸਾਂਝੇ ਤੌਰ ਤੇ ਕਿਹਾ ਕਿ ਵਰਲਡ ਸਿੱਖ ਚੈਂਬਰ ਦਾ ਆਦੇਸ਼ ਹੈ ਪੜ੍ਹਾਈ ਦਾ ਲੰਗਰ, ਕਮਾਈ ਦਾ ਲੰਗਰ ਤੇ ਦਵਾਈ ਦਾ ਲੰਗਰ ਉਸੇ ਅਧੀਨ ਹੀ ਇਹ ਸਾਰੇ ਕਾਰਜ ਕੀਤੇ ਜਾਂਦੇ ਹਨ ਇਸ ਮੌਕੇ ਤੇ ਹਰਪ੍ਰੀਤ ਸਿੰਘ ਭਾਟੀਆ, ਸੁਰੇਸ਼ ਕੁਮਾਰ ਸ਼ਸ਼ੀ, ਮਨਦੀਪ ਸਿੰਘ, ਸੁਖਵਿੰਦਰ ਸਿੰਘ ਕੋਹਲੀ, ਜਤਿੰਦਰ ਪਾਲ ਸਿੰਘ ਬੌਬੀ ਬਾਦਸ਼ਾਹ, ਐਡਵੋਕੇਟ ਤੇਗ. ਬ੍ਰਦਰਜ਼ ਅਤੇ ਹੋਰ ਪਤਵੰਤੇ ਹਾਜਰ ਸਨ।

# ਸਮਾਜ ਸੇਵੀ ਸਰਪੰਚ ਅੰਮ੍ਰਿਤ ਚਹਿਲ ਨੇ 5100 ਸ਼ਗਨ ਦੀ ਰਾਸ਼ੀ ਪਰਿਵਾਰ ਨੂੰ ਭੇਟ ਕੀਤੀ



**ਧੂਰੀ (ਰਣਜੀਤ ਸਿੰਘ ਪੇਧਨੀ)** -ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਤੇ ਹਲਕੇ ਦੇ ਵਿੱਚ ਪੈਂਦੇ ਪਿੰਡ ਘਨੌਰੀ ਕਲਾਂ ਤੋਂ ਜ਼ਿਲ੍ਹਾ ਪ੍ਰੀਸ਼ਦ ਮੈਂਬਰ ਜਸਮੀਤ ਕੌਰ ਦੇ ਪਤੀ ਉੱਘੇ ਸਮਾਜ ਸੇਵੀ ਸਰਪੰਚ ਅੰਮ੍ਰਿਤ ਚਹਿਲ ਵੱਲੋਂ ਸਮਾਜ ਸੇਵਾ ਦੇ ਖੇਤਰ ਵਿੱਚ ਪਿੰਡ ਪੱਧਰ ਅਤੇ ਇਲਾਕੇ ਵਿੱਚ ਆਪਣਾ ਬਣਦਾ ਯੋਗਦਾਨ ਸਮੇਂ ਸਮੇਂ ਸਿਰ ਪਾਇਆ ਜਾਂਦਾ ਹੈ। ਸਰਪੰਚ ਅੰਮ੍ਰਿਤ ਚਹਿਲ ਜਦੋਂ ਸਰਪੰਚ ਬਣੇ ਸਨ, ਉਹਨਾਂ ਨੇ ਉਦੋਂ ਪਿੰਡ ਦੇ ਲੋਕਾਂ ਦੇ ਨਾਲ ਇੱਕ ਵਾਅਦਾ ਕੀਤਾ ਸੀ ਕਿ ਉਹ ਕਿਸੇ ਵੀ ਗਰੀਬ ਪਰਿਵਾਰ ਦੀ ਕੁੜੀ ਦਾ ਵਿਆਹ ਹੋਵੇਗਾ, ਉਸ ਨੂੰ ਉਹ ਆਪਣੀ ਜੇਬ ਵਿੱਚੋਂ 5100 ਰੁਪਏ ਦੀ ਨਗਦ ਰਾਸੀ ਦੇ ਕੇ ਪਰਿਵਾਰ ਦੀ ਸਹਾਇਤਾ ਕਰਿਆ ਕਰਨਗੇ। ਹੁਣ ਤੱਕ ਉਹ 28 ਲੋੜਵੰਦ ਪਰਿਵਾਰਾਂ ਨੂੰ ਵਿਆਹ ਮੌਕੇ 5100 ਰੁਪਏ ਸ਼ਗਨ ਸਕੀਮ ਦੇ ਚੁੱਕੇ ਹਨ। ਇਸ ਮੌਕੇ ਅਮਨ ਖਾ ਪੰਚ ਹਾਜ਼ਰ ਸਨ।

ਖਾਲਸਾ ਕਾਲਜੀਏਟ ਸਕੂਲ ਮਹਿਤਾ ਵਿਖੇ

# 350 ਸਾਲਾ ਸ਼ਹੀਦੀ ਨੂੰ ਸਮਰਪਿਤ ਸਲਾਨਾ ਖੇਡ ਮੇਲਾ ਕਰਾਇਆ ਗਿਆ



**ਚੌਕ ਮਹਿਤਾ,4 ਫਰਵਰੀ ( ਬਾਬਾ ਸੁਖਵੰਤ ਸਿੰਘ ਚੰਨਣਕੇ )**-ਦਮਦਮੀ ਟਕਸਾਲ ਦੇ ਮੌਜੂਦਾ ਮੁਖੀ ਅਤੇ ਸੰਤ ਸਮਾਜ ਦੇ ਪ੍ਰਧਾਨ ਸ੍ਰੀਮਾਨ ਸੰਤ ਗਿਆਨੀ ਹਰਨਾਮ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਜੀ ਦੀ ਰਹਿਨੁਮਾਈ ਹੇਠ ਚੱਲ ਰਹੇ ਵਿਦਿਅਕ ਅਦਾਰੇ 'ਸੰਤ ਗਿਆਨੀ ਗੁਰਬਚਨ ਸਿੰਘ ਜੀ ਖਾਲਸਾ ਕਾਲਜੀਏਟ ਸਕੂਲ ਮਹਿਤਾ ਚੌਂਕ ਵਿੱਖੇ ਪਿਛਲੇ ਦਿਨੀ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ 350 ਸਾਲਾ ਸ਼ਹੀਦੀ ਨੂੰ ਸਮਰਪਿਤ ਖੇਡ ਮੇਲਾ ਬੜੇ ਉਤਸਾਹ ਨਾਲ ਮਨਾਇਆ ਗਿਆ। ਇਸ ਮੌਕੇ ਵਿਦਿਆਰਥੀਆਂ ਨੇ ਅਥਲੈਟਿਕਸ, ਲੰਮੀ ਛਾਲ, ਫੁੱਟਬਾਲ , ਬੈਲੂਨ ਰੇਸ, ਲੈਮਨ ਰੇਸ ਆਦਿ ਅਤੇ ਹੋਰ ਖੇਡਾਂ ਵਿੱਚ ਵੱਡੇ ਜਜ਼ਬੇ ਨਾਲ ਭਾਗ ਲਿਆ।ਇਹ ਮੁਕਾਬਲੇ ਬੜੇ ਹੀ ਰੌਚਕ ਰਹੇ ਤੇ ਵਿਦਿਆਰਥੀਆਂ ਨੇ ਖੇਡ ਆਤਮਾ ਦਾ ਸ਼ਾਨਦਾਰ ਪ੍ਰਦਰਸ਼ਨ ਕੀਤਾ।100 ਮੀਟਰ ਦੌੜ ਵਿੱਚ ਲੜਕੀਆਂ ਮਹਿਕਦੀਪ ਕੌਰ, ਪਵਨਦੀਪ ਕੌਰ, ਅਰਮਨਪ੍ਰੀਤ ਕੌਰ ਤੇ ਲੜਕਿਆਂ ਵਿੱਚ ਸਹਿਜੋਤ ਸਿੰਘ, ਸ਼ਿਵਪ੍ਰਤਾਪ ਸਿੰਘ ਤੇ ਗੁਰਬਾਜ ਸਿੰਘ, 200 ਮੀਟਰ ਦੌੜ ਵਿੱਚ ਲੜਕੀਆਂ ਨਵਦੀਪ ਕੌਰ, ਰਵਨੀਤ ਕੌਰ ਅਤੇ ਹਰਮਨਪ੍ਰੀਤ ਕੌਰ, ਸਾਹਿਬਨਪ੍ਰੀਤ ਕੌਰ ਤੇ ਲੜਕਿਆਂ ਵਿੱਚੋਂ ਅਨਮੋਲਪ੍ਰੀਤ ਸਿੰਘ, ਆਕਾਸ਼ਦੀਪ ਸਿੰਘ, ਪਰਮਿੰਦਰ ਸਿੰਘ, 400 ਮੀਟਰ ਦੌੜ ਵਿੱਚ ਸਹਿਜੋਤ ਸਿੰਘ, ਗੁਰਸੇਵਕ ਸਿੰਘ ਤੇ ਮੋਹਿਤ ਸਿੰਘ, 800 ਮੀਟਰ ਵਿੱਚ ਅਰਮਾਨਦੀਪ ਸਿੰਘ, ਪਰਮਿੰਦਰ ਸਿੰਘ, ਆਕਾਸ਼ਦੀਪ ਸਿੰਘ ਆਦਿ ਨੇ ਕ੍ਰਮਵਾਰ ਪਹਿਲਾ, ਦੂਜਾ ਤੇ ਤੀਜਾ ਸਥਾਨ ਹਾਸਲ ਕੀਤਾ। ਲੈਮਨ ਰੇਸ ਵਿੱਚ ਨਵਨੀਤ ਕੌਰ ,ਅਬੀਜੋਤ ਕੌਰ ਤੇ ਨਵਦੀਪ ਕੌਰ, ਬੈਲੂਨ ਰੇਸ ਵਿੱਚ ਅਭੀਜੋਤ ਕੌਰ, ਹਰਮਨਦੀਪ ਕੌਰ ,ਦਮਨਪ੍ਰੀਤ ਕੌਰ ਅਤੇ ਮਨਪ੍ਰੀਤ ਕੌਰ, ਅਨਮੋਲਪ੍ਰੀਤ ਕੌਰ ਤੇ ਪਵਨਦੀਪ ਕੌਰ ਨੇ ਕ੍ਰਮਵਾਰ ਪਹਿਲਾ,ਦੂਜਾ ਤੇ ਤੀਜਾ ਸਥਾਨ ਪ੍ਰਾਪਤ ਕੀਤਾ। ਸਮਾਪਤੀ ਸਮਾਰੋਹ ਦੌਰਾਨ ਪ੍ਰਿੰਸੀਪਲ ਸਾਹਿਬ ਤੇ ਸਮੂਹ ਅਧਿਆਪਕਾਂ ਦੁਆਰਾ ਜੇਤੂ ਵਿਦਿਆਰਥੀਆਂ ਨੂੰ ਮੈਡਲ ਦੇ ਕੇ ਸਨਮਾਨਿਤ ਕੀਤਾ ਗਿਆ। ਪ੍ਰਿੰਸੀਪਲ ਸ. ਗੁਰਦੀਪ ਸਿੰਘ ਜਲਾਲ ਉਸਮਾ ਨੇ ਵਿਦਿਆਰਥੀਆਂ ਨੂੰ ਸੰਬੋਧਨ ਹੁੰਦੇ ਹੋਏ ਕਿਹਾ ਕਿ ਇਹ ਖੇਡ ਮੇਲਾ ਨਾ ਸਿਰਫ ਖੇਡ ਕੌਸ਼ਲ ਨੂੰ ਉਭਾਰਦਾ ਹੈ ਸਗੋਂ ਟੀਮ ਵਰਕ, ਆਤਮ ਵਿਸ਼ਵਾਸ ਅਤੇ ਸਿਹਤਮੰਦ ਜੀਵਨ ਸ਼ੈਲੀ ਦਾ ਸੰਦੇਸ਼ ਵੀ ਦਿੰਦਾ ਹੈ। ਉਹਨਾਂ ਨੇ ਭਵਿੱਖ ਵਿੱਚ ਵੀ ਇਹੋ ਜਿਹੇ ਕਾਰਜਕ੍ਰਮ ਕਰਵਾਉਣ ਦਾ ਭਰੋਸਾ ਦਿੱਤਾ ਤੇ ਹੋਰਨਾ ਵਿਦਿਆਰਥੀਆਂ ਨੂੰ ਵੀ ਖੇਡਾਂ ਵਿੱਚ ਭਾਗ ਲੈਣ ਲਈ ਪ੍ਰੇਰਿਤ ਕੀਤਾ। ਅਧਿਆਪਕਾਂ ਨੇ ਵੀ ਵਿਦਿਆਰਥੀਆਂ ਦੀ ਲਗਨ ਅਤੇ ਮਿਹਨਤ ਦੀ ਖੂਬ ਸ਼ਲਾਘਾ ਕੀਤੀ। ਇਸ ਕਾਰਜਕ੍ਰਮ ਨੇ ਵਿਦਿਆਰਥੀਆਂ ਵਿੱਚ ਆਤਮ ਵਿਸ਼ਵਾਸ ਵਧਾਇਆ ਤੇ ਇਹ ਖੇਡ ਮੇਲਾ ਸਕੂਲ ਜੀਵਨ ਦਾ ਮਹੱਤਵਪੂਰਨ ਹਿੱਸਾ ਸਾਬਤ ਹੋਇਆ। ਇਸ ਮੌਕੇ 'ਤੇ ਕਾਲਜ ਪ੍ਰਿੰਸੀਪਲ ਗੁਰਦੀਪ ਸਿੰਘ ਜਲਾਲ ਉਸਮਾ, ਪ੍ਰਿੰਸੀਪਲ ਹਰਸ਼ਦੀਪ ਸਿੰਘ ਰੰਧਾਵਾ, ਪ੍ਰਿੰਸੀਪਲ ਜਤਿੰਦਰ ਸ਼ਰਮਾ, ਸੁਖਦੇਵ ਸਿੰਘ, ਸੁਖਜੀਤ ਸਿੰਘ, ਮੈਡਮ ਕੁਲਦੀਪ ਕੌਰ ਤੇ ਸਮੂਹ ਸਟਾਫ ਹਾਜ਼ਰ ਸਨ।

ਬਿਕਰਮ ਮਜੀਠੀਆ ਨੂੰ ਜ਼ਮਾਨਤ ਮਿਲਣ 'ਤੇ ਸਮੁੱਚਾ ਅਕਾਲੀ ਦਲ ਹੋਇਆ ਪੱਬਾਂ ਭਾਰ

# ਮਾਰੂ ਨੀਤੀਆਂ ਨੂੰ ਉਜਾਗਰ ਕਰਦਿਆਂ ਅਨੇਕਾ ਮਾਮਲਿਆਂ ਨੂੰ ਲੋਕਾਂ ਦੀ ਕਚਿਹਰੀ ਵਿੱਚ ਨੰਗਿਆਂ ਕੀਤਾ



**ਚੌਕ ਮਹਿਤਾ, 4 ਫਰਵਰੀ (ਬਾਬਾ ਸੁਖਵੰਤ ਸਿੰਘ ਚੰਨਣਕੇ)**-ਮਾਣਯੋਗ ਸੁਪਰੀਮ ਕੋਰਟ ਵਲੋਂ ਸਾਬਕਾ ਕੈਬਨਿਟ ਮੰਤਰੀ ਪੰਜਾਬ ਬਿਕਰਮ ਸਿੰਘ ਮਜੀਠੀਆ ਦੀ ਜਮਾਨਤ ਅਰਜੀ ਦੇ ਰਾਖਵੇਂ ਰੱਖੇ ਫ਼ੈਸਲੇ ਤੇ ਅੱਜ ਸੁਣਵਾਈ ਕਰਦੇ ਹੋਏ ਉਨ੍ਹਾਂ ਦੀ ਜਮਾਨਤ ਮੰਨਜੂਰ ਕਰ ਲਈ ਹੈ, ਜਿਸ 'ਤੇ ਅੱਜ ਸਮੁਚੇ ਹਲਕਾ ਮਜੀਠਾ ਦੇ ਅਕਾਲੀ ਵਰਕਰਾਂ ਵਿਚ ਖੁਸ਼ੀ ਦਾ ਮਾਹੌਲ ਵੇਖਣ ਨੂੰ ਮਿਲਿਆ ਤੇ ਹਰੇਕ ਵਰਕਰ ਪਾਰਟੀ ਦੇ ਸੀਨੀਅਰ ਆਗੂਆਂ ਤੇ ਇਕ ਦੂਜੇ ਨੂੰ ਵਧਾਈ ਦਿੰਦਾ ਅਤੇ ਲੱਡੂ ਵੰਡਦੇ ਦਿਖਾਈ ਦਿੱਤੇ। ਸ: ਮਜੀਠੀਆ ਦੇ ਸਿਆਸੀ ਸਲਾਹਕਾਰ ਸੁਖਵਿੰਦਰ ਸਿੰਘ ਗੋਲਡੀ ਵਲੋਂ ਕਿਹਾ ਕਿ ਸ: ਮਜੀਠੀਆ ਦੀ ਵੱਧਦੀ ਲੋਕਪ੍ਰਿਅਤਾ ਅਤੇ ਮਜੀਠੀਆ ਵਲੋਂ ਆਪ ਆਦਮੀ ਪਾਰਟੀ ਦੀ ਸਰਕਾਰ ਦੀਆਂ ਲੋਕ ਮਾਰੂ ਨੀਤੀਆਂ ਨੂੰ ਉਜਾਗਰ ਕਰਦਿਆਂ ਅਨੇਕਾਂ ਮਾਲਿਆ ਨੂੰ ਲੋਕਾਂ ਦੀ ਕਚਹਿਰੀ ਵਿੱਚ ਨੰਗਿਆਂ ਕੀਤਾ ਜਿਸ ਤੋਂ ਘਬਬਾਏ ਆਪ ਸਰਕਾਰ ਨੇ ਇਸ ਡੂੰਘੀ ਸਾਜ਼ਿਸ਼ ਰਚੀ 'ਆਪ' ਸਰਕਾਰ ਵਲੋਂ ਇਕ ਡੂੰਘੀ ਸਾਜਿਸ਼ ਤਹਿਤ ਉਨ੍ਹਾਂ ਨੂੰ ਝੂਠੇ ਕੇਸ ਵਿਚ ਉਲਝਾਇਆ, ਪਰ ਅੱਜ ਪ੍ਰਮਾਤਮਾ ਦੀ ਅਪਾਰ ਕ੍ਰਿਪਾ ਸਦਕਾ ਸ: ਮਜੀਠੀਆ ਦੀ ਜਮਾਨਤ ਮੰਨਜੂਰ ਹੋ ਚੁੱਕੀ ਹੈ ਅਤੇ ਉਹ ਸਾਰੇ ਕੇਸਾਂ ਵਿਚੋਂ ਉਹ ਪਾਕ ਸਾਫ ਬਾਹਰ ਨਿਕਲਣਗੇ। ਉਨ੍ਹਾਂ ਕਿਹਾ ਕਿ ਸ: ਮਜੀਠੀਆ ਦੀ ਜਮਾਨਤ ਅਰਜੀ ਮੰਨਜੂਰ ਹੋਣ ਦੀ ਖਬਰ ਸੁਣ ਕੇ ਸਮੁਚੇ ਪੰਜਾਬ ਅਤੇ ਖਾਸ ਕਰਕੇ ਹਲਕਾ ਮਜੀਠਾ ਦੇ ਅਕਾਲੀ ਵਰਕਰਾਂ ਵਿਚ ਭਾਰੀ ਉਤਸ਼ਾਹ ਵੇਖਣ ਨੂੰ ਮਿਲ ਰਿਹਾ ਹੈ ਅਤੇ ਹਲਕਾ ਮਜੀਠਾ ਵਿਚ ਜਸ਼ਨ ਵਾਲਾ ਮਾਹੌਲ ਬਣਿਆ ਹੋਇਆ ਹੈ। ਇਸ ਮੌਕੇ ਖੁਸ਼ੀ ਪ੍ਰਗਟ ਕਰਨ ਵਾਲਿਆਂ ਵਿਚ ਮੇਜਰ ਸ਼ਿਵ ਚਰਨ ਸਿੰਘ ਬਾਗੜੀ, ਲਖਬੀਰ ਦ ਸਿੰਘ ਲੱਖਾ, ਨਵਜਿੰਦਰਪਾਲ ਸਿੰਘ ਗਾਂਧੀ ਨਿਬਰਵਿੰਡ, ਅਮਰਪਾਲ ਸਿੰਘ ਪਾਲੀ ਉਦੋਕੇ, ਸਰਵਣ ਸਿੰਘ ਰਾਮਦੀਵਾਲੀ, ਐਡਵੋਕੇਟ ਬਿਕਰਮਜੀਤ ਸਿੰਘ ਬਾਠ, ਦ ਰਣਧੀਰ ਸਿੰਘ ਭੇਟੋ. ਦਿਲਬਾਗ ਸਿੰਘ ਕਲਰ ਸਰਕਲ ਪ੍ਰਧਾਨ, ਸੰਦੀਪ ਸਿੰਘ ਉਦੋਕੇ, ਮੇਜਰ ਸਿੰਘ ਕਲੇਰ, ਗੁਰਪਾਲ ਸਿੰਘ ਤਨੇਲ, ਨਵਜੀਤ ਸਿੰਘ ਤਨੇਲ , ਸੋਨੂੰ ਚੰਨਣਕੇ, ਬਾਬਾ ਗੁਰਿੰਦਰ ਸਿੰਘ ਚੰਨਣਕੇ , ਸਾਬਕਾ ਸਰਪੰਚ ਮੇਜਰ ਸਿੰਘ ਸਹੋਤਾ, ਸੁਖਜਿੰਦਰ ਸਿੰਘ ਨੰਬਰਦਾਰ ਚੰਨਣਕੇ ਤੇ ਹੋਰ ਮੌਜੂਦ ਸਨ।

# ਬੀ.ਬੀ.ਕੇ. ਡੀ.ਏ.ਵੀ. ਕਾਲਜ ਫਾਰ ਵੂਮੈਨ ਨੇ ਮੈਂਟਲ ਹੈਲਥ ਸਪੋਰਟ ਨੂੰ ਮਜ਼ਬੂਤ ਕਰਨ ਲਈ 'ਬਲਿਸ ਡੀ-ਸਟ੍ਰੈੱਸ' ਨਾਲ ਕੀਤਾ ਐੱਮ.ਓ.ਯੂ



**ਅੰਮ੍ਰਿਤਸਰ, 4 ਜਨਵਰੀ (ਆਵਾਜ਼ਿ ਕੌਮ ਬਿਊਰੋ)**- ਬੀ.ਬੀ.ਕੇ. ਡੀ.ਏ.ਵੀ. ਕਾਲਜ ਫਾਰ ਵੂਮੈਨ, ਅੰਮ੍ਰਿਤਸਰ ਨੇ ਵਿਦਿਆਰਥੀਆਂ ਅਤੇ ਕਰਮਚਾਰੀਆਂ ਦੀ ਮਾਨਸਿਕ ਸਿਹਤ ਨੂੰ ਮਜ਼ਬੂਤ ਕਰਨ ਦੀ ਦਿਸ਼ਾ ਵਿਚ ਇੱਕ ਮਹੱਤਵਪੂਰਨ ਕਦਮ ਚੁੱਕਦਿਆਂ 'ਬਲਿਸ ਡੀ-ਸਟ੍ਰੈੱਸ' ਨਾਲ ਮੈਮੋਰੈਂਡਮ ਆਫ਼ ਅੰਡਰਸਟੈਂਡਿੰਗ (ਐਮ.ਓ.ਯੂ) 'ਤੇ ਹਸਤਾਖਰ ਕੀਤੇ। 'ਬਲਿਸ ਡੀ-ਸਟ੍ਰੈੱਸ' ਇੱਕ ਕਾਊਂਸਲਿੰਗ ਅਤੇ ਵੈੱਲਨੈੱਸ ਸੈਂਟਰ ਹੈ, ਜਿਸ ਦਾ ਸੰਚਾਲਨ ਪ੍ਰਸਿੱਧ ਕਾਊਂਸਲਿੰਗ ਮਨੋਵਿਗਿਆਨੀ ਡਾ.ਸਿਮਰਦੀਪ ਗਿੱਲ ਵੱਲੋਂ ਕੀਤਾ ਜਾਂਦਾ ਹੈ। ਐੱਮ.ਓ.ਯੂ. ਹਸਤਾਖਰ ਸਮਾਰੋਹ ਮਿਸ ਕਾਮਯਾਨੀ ਆਨੰਦ (ਡੀਨ ਅਕਾਦਮਿਕ), ਡਾ. ਸ਼ਵੇਤਾ (ਨੋਡਲ ਅਧਿਕਾਰੀ—ਮੈਂਟਲ ਹੈਲਥ) ਅਤੇ ਸ੍ਰੀ ਅਸ਼ੋਕ (ਸੁਪਰਵਾਈਜ਼ਰ, ਬੀ.ਬੀ.ਕੇ.ਡੀ.ਏ.ਵੀ.ਸੀਨੀਅਰ ਸੈਕੰਡਰੀ ਕੋਲਜੀਏਟ ਸਕੂਲ) ਦੀ ਮੌਜੂਦਗੀ ਵਿਚ ਸੰਪੰਨ ਹੋਇਆ। ਇਸ ਸਹਿਯੋਗ ਤਹਿਤ ਦੋ ਵੱਖ-ਵੱਖ ਐੱਮ.ਓ.ਯੂ. ਕੀਤੇ ਗਏ, ਇੱਕ ਬੀ.ਬੀ.ਕੇ. ਡੀ.ਏ.ਵੀ. ਕਾਲਜ ਫਾਰ ਵੂਮੈਨ ਲਈ ਅਤੇ ਦੂਜਾ ਬੀ.ਬੀ.ਕੇ.ਡੀ.ਏ.ਵੀ. ਸੀਨੀਅਰ ਸੈਕੰਡਰੀ ਕੋਲਜੀਏਟ ਸਕੂਲ ਲਈ। ਇਨ੍ਹਾਂ ਐੱਮ.ਓ.ਯੂਜ਼ ਦਾ ਮਕਸਦ ਵਿਦਿਆਰਥੀਆਂ ਅਤੇ ਸਟਾਫ਼ ਨੂੰ ਪੇਸ਼ਾਵਰ ਕਾਊਂਸਲਿੰਗ ਸੇਵਾਵਾਂ, ਮੈਂਟਲ ਹੈਲਥ ਜਾਗਰੂਕਤਾ ਪ੍ਰੋਗਰਾਮ, ਵਰਕਸ਼ਾਪਾਂ ਅਤੇ ਮਨੋਵਿਗਿਆਨਕ ਸਹਾਇਤਾ ਪ੍ਰਦਾਨ ਕਰਨਾ ਹੈ। ਇਸ ਪਹਿਲਕਦਮੀ ਦੇ ਤਹਿਤ ਵਿਦਿਆਰਥੀਆਂ, ਮਾਪਿਆਂ ਅਤੇ ਟੀਚਿੰਗ ਅਤੇ ਨਾਨ-ਟੀਚਿੰਗ ਸਟਾਫ਼ ਲਈ ਨਿਯਮਿਤ ਕਾਊਂਸਲਿੰਗ ਸੈਸ਼ਨ, ਤਣਾਅ ਪ੍ਰਬੰਧਨ ਵਰਕਸ਼ਾਪਾਂ ਅਤੇ ਮੈਂਟਲ ਹੈਲਥ ਜਾਗਰੂਕਤਾ ਪ੍ਰੋਗਰਾਮ ਆਯੋਜਿਤ ਕੀਤੇ ਜਾਣਗੇ, ਤਾਂ ਜੋ ਭਾਵਨਾਤਮਕ ਸੁਖ-ਸਮ੍ਰਿੱਧੀ ਅਤੇ ਮਨੋਬਲ ਨੂੰ ਮਜ਼ਬੂਤ ਕੀਤਾ ਜਾ ਸਕੇ। ਇਸ ਮੌਕੇ ਪ੍ਰਿੰਸੀਪਲ ਡਾ. ਪੁਸ਼ਿਪੰਦਰ ਵਾਲੀਆ ਨੇ ਮੈਂਟਲ ਹੈਲਥ ਦੀ ਮਹੱਤਤਾ 'ਤੇ ਜ਼ੋਰ ਦਿੱਤਾ।ਉਨ੍ਹਾਂ ਕਿਹਾ ਕਿ ਮਾਨਸਿਕ ਸਿਹਤ ਵੀ ਸਰੀਰਕ ਸਿਹਤ ਜਿੰਨੀ ਹੀ ਅਹਿਮ ਹੈ, ਖਾਸ ਕਰਕੇ ਉਹਨਾਂ ਵਿਦਿਆਰਥੀਆਂ ਲਈ ਜੋ ਅਕਾਦਮਿਕ ਦਬਾਅ ਅਤੇ ਨਿੱਜੀ ਚੁਣੌਤੀਆਂ ਦਾ ਸਾਹਮਣਾ ਕਰ ਰਹੇ ਹੁੰਦੇ ਹਨ। ਉਨ੍ਹਾਂ ਕਿਹਾ ਕਿ 'ਬਲਿਸ ਡੀ-ਸਟ੍ਰੈੱਸ' ਨਾਲ ਇਹ ਸਹਿਯੋਗ ਕਾਲਜ ਦੀ ਉਸ ਦ੍ਰਿੜ. ਵਚਨਬੱਧਤਾ ਨੂੰ ਦਰਸਾਉਂਦਾ ਹੈ, ਜਿਸ ਅਧੀਨ ਕੈਂਪਸ ਵਿਚ ਇੱਕ ਸਹਾਇਕ, ਸੰਵੇਦਨਸ਼ੀਲ ਅਤੇ ਮਾਨਸਿਕ ਤੌਰ 'ਤੇ ਸਿਹਤਮੰਦ ਵਾਤਾਵਰਨ ਤਿਆਰ ਕੀਤਾ ਜਾ ਰਿਹਾ ਹੈ, ਜਿੱਥੇ ਵਿਦਿਆਰਥੀ ਆਪਣੇ ਆਪ ਨੂੰ ਸੁਰੱਖਿਅਤ ਅਤੇ ਸ਼ਸ਼ਕਤ ਮਹਿਸੂਸ ਕਰ ਸਕਣ।

# ਮੈਨਿਫੈਸਟੇਸ਼ਨ



ਪਿਛਲੇ ਕੁਝ ਸਾਲਾਂ ਵਿੱਚ ਮੈਨਿਫੈਸਟੇਸ਼ਨ ਦੀ ਧਾਰਣਾ ਨੇ ਖੁਦ ਇਲਾਜ਼ ਸਾਹਿਤ, ਮਨੋਵਿਗਿਆਨਕ ਸਿਹਤ ਸੰਭਾਲ ਅੰਦੋਲਨਾਂ ਅਤੇ ਸੋਸ਼ਲ ਮੀਡੀਆ ਪਲੇਟਫਾਰਮਾਂ 'ਤੇ ਬੇਹੱਦ ਪ੍ਰਸਿੱਧੀ ਹਾਸਲ ਕੀਤੀ ਹੈ। ਅਕਸਰ ਇਸਨੂੰ ਸਿਰਫ਼ ਸੋਚ ਦੇ ਜ਼ਰੀਏ ਕਿਸੇ ਚੀਜ਼ ਨੂੰ ਹਕੀਕਤ ਵਿੱਚ ਬਦਲ ਦੇਣ ਦੀ ਸਮਰੱਥਾ ਵਜੋਂ ਪੇਸ਼ ਕੀਤਾ ਜਾਂਦਾ ਹੈ, ਜਿਸ ਕਰਕੇ ਇਹ ਕਈ ਵਾਰ ਗਲਤ ਸਮਝੀ ਜਾਂਦੀ ਹੈ, ਵੱਧਾ-ਚੜ੍ਹਾ ਕੇ ਦੱਸੀ ਜਾਂਦੀ ਹੈ ਜਾਂ ਫਿਰ ਵਿਗਿਆਨਕ ਸਮੁਦਾਇ ਵੱਲੋਂ ਪੂਰੀ ਤਰ੍ਹਾਂ ਨਕਾਰ ਦਿੱਤੀ ਜਾਂਦੀ ਹੈ। ਹਾਲਾਂਕਿ, ਜਦੋਂ ਮੈਨਿਫੈਸਟੇਸ਼ਨ ਨੂੰ ਮਨੋਵਿਗਿਆਨ, ਨਿਊਰੋਸਾਇੰਸ ਅਤੇ ਸਾਈਕੋਸੋਮੈਟਿਕ ਸਿਹਤ ਦੇ ਨਜ਼ਰੀਏ ਨਾਲ ਵੇਖਿਆ ਜਾਂਦਾ ਹੈ ਤਾਂ ਇਹ ਇੱਕ ਵਿਵਸਥਿਤ ਮਾਨਸਿਕ ਪ੍ਰਕਿਰਿਆ ਵਜੋਂ ਸਾਹਮਣੇ ਆਉਂਦੀ ਹੈ, ਜੋ ਇਰਾਦੇ, ਸੋਚ, ਭਾਵਨਾਤਮਕ ਸੰਤੁਲਨ ਅਤੇ ਟੀਚਾ ਕੇਂਦ੍ਰਿਤ ਵਿਉਹਾਰ 'ਤੇ ਆਧਾਰਿਤ ਹੁੰਦੀ ਹੈ।

**ਮੈਨਿਫੈਸਟੇਸ਼ਨ ਦਾ ਸਾਧਾਰਣ ਅਰਥ** : ਆਪਣੇ ਮੂਲ ਅਰਥ ਵਿੱਚ, ਮੈਨਿਫੈਸਟੇਸ਼ਨ ਦਾ ਮਤਲਬ ਹੈ ਸਪੱਸ਼ਟ ਇਰਾਦੇ ਬਣਾਉਣਾ, ਉਹਨਾਂ ਇਰਾਦਿਆਂ ਦੇ ਅਨੁਸਾਰ ਆਪਣੇ ਵਿਚਾਰਾਂ ਅਤੇ ਭਾਵਨਾਵਾਂ ਨੂੰ ਸੰਗਠਿਤ ਕਰਨਾ ਅਤੇ ਅਜਿਹਾ ਵਿਹਾਰ ਅਪਣਾਉਣਾ ਜੋ ਮਨਚਾਹੇ ਨਤੀਜ਼ੇ ਪ੍ਰਾਪਤ ਕਰਨ ਦੀ ਸੰਭਾਵਨਾ ਨੂੰ ਵਧਾਏ। ਵਿਗਿਆਨਕ ਭਾਸ਼ਾ ਵਿੱਚ, ਮੈਨਿਫੈਸਟੇਸ਼ਨ ਨੂੰ ਕੋਗਨਿਟਿਵ ਰੀਸਟਰਕਚਰਿੰਗ (ਸੋਚ ਦੀ ਦੁਬਾਰਾ ਬਣਤਰ), ਸਕਾਰਾਤਮਕ ਉਮੀਦ, ਟੀਚਾ ਦ੍ਰਿਸ਼ਟੀਕਰਨ ਅਤੇ ਵਿਉਹਾਰਕ ਸਰਗਰਮੀ ਦੇ ਮਿਲਾਪ ਵਜੋਂ ਸਮਝਿਆ ਜਾ ਸਕਦਾ ਹੈ।

ਇਹ ਕਿਸੇ ਅਲੌਕਿਕ ਤਾਕਤ ਦੀ ਗੱਲ ਨਹੀਂ ਕਰਦਾ, ਸਗੋਂ ਦਿਮਾਗ ਦੀ ਉਸ ਸਮਰੱਥਾ ਨੂੰ ਦਰਸਾਉਂਦਾ ਹੈ ਜੋ ਧਾਰਣਾ, ਪ੍ਰੇਰਣਾ, ਫੈਸਲਾ ਕਰਨ ਅਤੇ ਸਰੀਰਕ ਪ੍ਰਤਿਕਿਰਿਆਵਾਂ ਨੂੰ ਪ੍ਰਭਾਵਿਤ ਕਰ ਸਕਦੀ ਹੈ।

ਮੈਨਿਫੈਸਟੇਸ਼ਨ ਦੇ ਵਿਗਿਆਨਕ ਅਧਾਰ

ਕੋਗਨਿਟਿਵ ਮਨੋਵਿਗਿਆਨ

ਮੈਨਿਫੈਸਟੇਸ਼ਨ ਉਹਨਾਂ ਕੋਗਨਿਟਿਵ ਸਿਧਾਂਤਾਂ ਨਾਲ ਮੇਲ ਖਾਂਦੀ ਹੈ ਜਿਨ੍ਹਾਂ ਮੁਤਾਬਕ ਵਿਚਾਰ ਭਾਵਨਾਵਾਂ ਅਤੇ ਵਿਉਹਾਰ ਨੂੰ ਪ੍ਰਭਾਵਿਤ ਕਰਦੇ ਹਨ। ਡਿਪ੍ਰੈਸ਼ਨ ਦੇ ਕੋਗਨਿਟਿਵ ਮਾਡਲ ਦੱਸਦੇ ਹਨ ਕਿ ਨਕਾਰਾਤਮਕ ਸੋਚ ਦੇ ਢਾਂਚਿਆਂ ਵਿੱਚ ਤਬਦੀਲੀ ਨਾਲ ਭਾਵਨਾਤਮਕ ਹਾਲਤ ਵਿੱਚ ਮਹੱਤਵਪੂਰਨ ਸੁਧਾਰ ਆ ਸਕਦਾ ਹੈ।

ਹਾਂ ਪੱਖੀ ਅਤੇ ਸੋਚ ਆਧਾਰਿਤ ਵਰਗੀਆਂ ਮੈਨਿਫੈਸਟੇਸ਼ਨ ਤਕਨੀਕਾਂ ਸੋਚ ਦੇ ਢਾਂਚਿਆਂ ਨੂੰ ਦੁਬਾਰਾ ਘੜਨ ਵਿੱਚ ਮਦਦਗਾਰ ਹੋ ਸਕਦੀਆਂ ਹਨ।

ਨਿਊਰੋਸਾਇੰਸ ਅਤੇ ਨਿਊਰੋਪਲਾਸਟਿਸਿਟੀ

ਮਨੁੱਖੀ ਦਿਮਾਗ ਵਿੱਚ ਨਿਊਰੋਪਲਾਸਟਿਸਿਟੀ ਹੁੰਦੀ ਹੈ—ਅਰਥਾਤ ਦੋਹਰਾਏ ਗਏ ਵਿਚਾਰਾਂ ਅਤੇ ਤਜ਼ਰਬਿਆਂ ਦੇ ਆਧਾਰ 'ਤੇ ਨਿਊਰਲ ਰਸਤੇ ਦੁਬਾਰਾ ਬਣ ਸਕਦੇ ਹਨ। ਸਕਾਰਾਤਮਕ ਟੀਚਿਆਂ 'ਤੇ ਮੁੜ-ਮੁੜ ਧਿਆਨ ਕੇਂਦ੍ਰਿਤ ਕਰਨ ਨਾਲ ਪ੍ਰੇਰਣਾ, ਆਸ ਅਤੇ ਕਾਰਜਕਾਰੀ ਸਮਰੱਥਾਵਾਂ ਨਾਲ ਜੁੜੇ ਨਿਊਰਲ ਸਰਕਿਟ ਮਜ਼ਬੂਤ ਹੋ ਸਕਦੇ ਹਨ, ਖ਼ਾਸ ਕਰਕੇ ਪ੍ਰੀਫਰੰਟਲ ਕਾਰਟੈਕਸ ਅਤੇ ਲਿੰਬਿਕ ਸਿਸਟਮ ਵਿੱਚ।

ਸਾਈਕੋ-ਨਿਊਰੋ-ਇਮਿਊਨੋਲੋਜੀ

ਮਾਨਸਿਕ ਅਵਸਥਾਵਾਂ ਹਾਰਮੋਨਲ ਸੰਤੁਲਨ, ਰੋਗ-ਪ੍ਰਤੀਰੋਧਕ ਤੰਤਰ ਅਤੇ ਤਣਾਅ ਨਾਲ ਜੁੜੀਆਂ ਸਰੀਰਕ ਪ੍ਰਕਿਰਿਆਵਾਂ ਨੂੰ ਪ੍ਰਭਾਵਿਤ ਕਰਦੀਆਂ ਹਨ। ਸਕਾਰਾਤਮਕ ਉਮੀਦ ਅਤੇ ਭਾਵਨਾਤਮਕ ਸੰਤੁਲਨ—ਜੋ ਮੈਨਿਫੈਸਟੇਸ਼ਨ ਦੇ ਮੁੱਖ ਅੰਗ ਹਨ—ਕੋਰਟਿਸੋਲ ਦੀ ਮਾਤਰਾ ਘਟਾ ਸਕਦੇ ਹਨ, ਆਟੋਨੋਮਿਕ ਸੰਤੁਲਨ ਵਿੱਚ ਸੁਧਾਰ ਕਰ ਸਕਦੇ ਹਨ।

ਵਿਉਹਾਰ ਦੀ ਦਵਾਈ

ਮੈਨਿਫੈਸਟੇਸ਼ਨ ਸਪੱਸ਼ਟ ਟੀਚਾ, ਲਗਾਤਾਰਤਾ ਅਤੇ ਕਿਰਿਆਸ਼ੀਲਤਾ ਨੂੰ ਉਤਸ਼ਾਹਿਤ ਕਰਦੀ ਹੈ। ਇਹ ਤੱਤ ਤਣਾਅ ਪ੍ਰਬੰਧਨ, ਜੀਵਨਸ਼ੈਲੀ ਬਦਲਾਅ ਅਤੇ ਲੰਬੇ ਸਮੇਂ ਦੀਆਂ ਬਿਮਾਰੀਆਂ ਦੀ ਰੋਕਥਾਮ ਵਿੱਚ ਵਰਤੀਆਂ ਜਾਣ ਵਾਲੀਆਂ ਵਿਉਹਾਰਕ ਦਖਲ ਅੰਦਾਜੀ ਨਾਲ ਮੇਲ ਖਾਂਦੇ ਹਨ।

ਆਧੁਨਿਕ ਜੀਵਨ ਵਿੱਚ ਮੈਨਿਫੈਸਟੇਸ਼ਨ ਦੀ ਮਹੱਤਤਾ ਜਾਣਕਾਰੀ ਦੀ ਬਹੁਤਾਤ ਅਤੇ ਵੱਧ ਰਹੀਆਂ ਮਾਨਸਿਕ ਸਿਹਤ ਸਮੱਸਿਆਵਾਂ ਦੇ ਇਸ ਦੌਰ ਵਿੱਚ, ਮੈਨਿਫੈਸਟੇਸ਼ਨ ਮਨੁੱਖ ਨੂੰ ਉਦੇਸ਼, ਆਸ਼ਾਵਾਦ ਅਤੇ ਆਤਮ-ਕਾਬਲੀਅਤ ਵਿਕਸਿਤ ਕਰਨ ਲਈ ਇੱਕ ਸੰਰਚਿਤ ਢਾਂਚਾ ਦਿੰਦੀ ਹੈ। ਇਹ ਵਿਅਕਤੀ ਨੂੰ ਚਿੰਤਾ ਤੋਂ ਬਾਹਰ ਕੱਢ ਕੇ ਜੀਵਨ ਦੇ ਟੀਚਿਆਂ ਵੱਲ ਸਰਗਰਮ ਤੌਰ 'ਤੇ ਵੱਧਣ ਵਿੱਚ ਮਦਦ ਕਰਦੀ ਹੈ, ਜਿਸ ਨਾਲ ਮਾਨਸਿਕ ਅਨੁਕੂਲਤਾ ਵਿੱਚ ਵਾਧਾ ਹੁੰਦਾ ਹੈ।

ਰੋਜ਼ਾਨਾ ਜੀਵਨ ਵਿੱਚ ਮੈਨਿਫੈਸਟੇਸ਼ਨ ਦੀ ਵਰਤੋਂ

ਟੀਚਾ ਨਿਰਧਾਰਣ ਅਤੇ ਪ੍ਰਾਪਤੀ,ਭਾਵਨਾਤਮਕ ਸੰਤੁਲਨ ਰਾਹੀਂ ਤਣਾਅ ਵਿੱਚ ਕਮੀ,ਆਤਮ-ਵਿਸ਼ਵਾਸ ਅਤੇ ਪ੍ਰੇਰਣਾ ਵਿੱਚ ਵਾਧਾ,ਧਿਆਨ ਅਤੇ ਫੈਸਲਾ ਕਰਨ ਦੀ ਸਮਰੱਥਾ ਵਿੱਚ ਸੁਧਾਰ,ਇਰਾਦੇ-ਆਧਾਰਿਤ ਵਿਉਹਾਰ ਰਾਹੀਂ ਸਿਹਤਮੰਦ ਆਦਤਾਂ ਦਾ ਪ੍ਰਚਾਰ

ਜਦੋਂ ਇਸਨੂੰ ਹਕੀਕਤਪਸੰਦ ਢੰਗ ਨਾਲ ਅਪਨਾਇਆ ਜਾਂਦਾ ਹੈ ਤਾਂ ਮੈਨਿਫੈਸਟੇਸ਼ਨ ਦੱਬੀਆਂ ਖਵਾਇਸ਼ਾਂ ਦੀ ਥਾਂ ਮਾਨਸਿਕ ਅਭਿਆਸ ਵਜੋਂ ਕੰਮ ਕਰਦੀ ਹੈ, ਜੋ ਵਿਅਕਤੀ ਨੂੰ ਅਨੁਕੂਲ ਕਰਵਾਈ ਲਈ ਤਿਆਰ ਕਰਦੀ ਹੈ।

ਚਿੰਤਾ ਅਤੇ ਤਣਾਅ ਵਿੱਚ ਮੈਨਿਫੈਸਟੇਸ਼ਨ ਦੀ ਭੂਮਿਕਾ

ਡਿਪ੍ਰੈਸ਼ਨ

ਚਿੰਤਾ ਨਕਾਰਾਤਮਕ ਸੋਚ, ਨਿਰਾਸ਼ਾ ਅਤੇ ਪ੍ਰੇਰਣਾ ਦੀ ਘਾਟ ਨਾਲ ਜੁੜਿਆ ਹੁੰਦਾ ਹੈ। ਮੈਨਿਫੈਸਟੇਸ਼ਨ ਤਕਨੀਕਾਂ—ਜੇਕਰ ਇਲਾਜ਼ ਦੇ ਨਾਲ ਵਰਤੀਆਂ ਜਾਣ—ਇਨ੍ਹਾਂ ਪੈਟਰਨਾਂ ਨੂੰ ਸੰਤੁਲਿਤ ਕਰਨ ਵਿੱਚ ਮਦਦਗਾਰ ਹੋ ਸਕਦੀਆਂ ਹਨ, ਜਿਵੇਂ ਕਿ:

ਸਕਾਰਾਤਮਕ ਭਵਿੱਖ-ਕੇਂਦ੍ਰਿਤ ਸੋਚ ਨੂੰ ਉਤਸ਼ਾਹਿਤ ਕਰਨਾ

ਵਿਜ਼ੁਅਲਾਈਜ਼ੇਸ਼ਨ ਰਾਹੀਂ ਇਨਾਮ ਨਾਲ ਜੁੜੇ ਨਿਊਰਲ ਰਸਤੇ ਸਰਗਰਮ ਕਰਨਾ,ਵਿਉਹਾਰਕ ਸਰਗਰਮੀ ਨੂੰ ਸਮਰਥਨ ਦੇਣਾ,ਨਿਯੰਤਰਣ ਅਤੇ ਅਰਥ ਦੀ ਭਾਵਨਾ ਨੂੰ ਮਜ਼ਬੂਤ ਕਰਨਾ ।ਹਾਲਾਂਕਿ, ਮੈਨਿਫੈਸਟੇਸ਼ਨ ਇਕੱਲੀ ਮਨੋਵਿਗਿਆਨਕ ਜਾਂ ਦਵਾਈਆਂ ਦਾ ਬਦਲ ਨਹੀਂ ਹੈ, ਪਰ ਇਹ ਇਕ ਸਹਾਇਕ ਮਾਨਸਿਕ ਰਣਨੀਤੀ ਵਜੋਂ ਲਾਭਕਾਰੀ ਹੋ ਸਕਦੀ ਹੈ।

ਤਣਾਅ ਅਤੇ ਮਾਨਸਿਕ ਦਬਾਅ

ਲੰਮੇ ਸਮੇਂ ਦਾ ਤਣਾਅ ਅਕਸਰ ਭਵਿੱਖ ਦੀ ਚਿੰਤਾ ਅਤੇ ਅਸਹਿਜਤਾ ਦੀ ਭਾਵਨਾ ਤੋਂ ਪੈਦਾ ਹੁੰਦਾ ਹੈ। ਮੈਨਿਫੈਸਟੇਸ਼ਨ ਤਕਨੀਕਾਂ ਤਣਾਅ ਦੀ ਪ੍ਰਤਿਕਿਰਿਆ ਨੂੰ ਘਟਾ ਸਕਦੀਆਂ ਹਨ, ਦਿਲ ਦੀ ਧੜਕਣ ਵਿੱਚ ਸੁਧਾਰ ਕਰ ਸਕਦੀਆਂ ਹਨ ਅਤੇ ਪੈਰਾਸਿੰਪੈਥੈਟਿਕ ਤੰਤਰ ਨੂੰ ਸਰਗਰਮ ਕਰ ਸਕਦੀਆਂ ਹਨ।

ਮੈਨਿਫੈਸਟੇਸ਼ਨ ਦੇ ਫ਼ਾਇਦੇ

ਆਸ਼ਾਵਾਦ ਅਤੇ ਮਾਨਸਿਕ ਸਥਿਰਤਾ ਨੂੰ ਵਧਾਉਂਦੀ ਹੈ

ਭਾਵਨਾਤਮਕ ਸਵੈ-ਨਿਯੰਤਰਣ ਵਿੱਚ ਸੁਧਾਰ ।ਸਰਗਰਮ ਅਤੇ ਸਕਾਰਾਤਮਕ ਵਿਉਹਾਰ ਨੂੰ ਉਤਸ਼ਾਹਿਤ ਕਰਦੀ ਹੈ। ਮਨ-ਸਰੀਰ ਦੀ ਸਾਂਝ ਨੂੰ ਸਮਰਥਨ। ਘੱਟ ਖ਼ਰਚ ਅਤੇ ਆਸਾਨੀ ਨਾਲ ਅਪਣਾਈ ਜਾ ਸਕਣ ਵਾਲੀ ਪ੍ਰਕਿਰਿਆ।

ਸੀਮਾਵਾਂ ਅਤੇ ਨੁਕਸਾਨ

ਗੈਰ-ਹਕੀਕਤੀ ਉਮੀਦਾਂ ਦਾ ਖ਼ਤਰਾ। ਨਤੀਜ਼ੇ ਨਾ ਮਿਲਣ 'ਤੇ ਆਪਣੇ ਆਪ ਨੂੰ ਦੋਸ਼ ਦੇਣ ਦੀ ਸੰਭਾਵਨਾ। ਮਨੋਵਿਗਿਆਨਕ ਇਲਾਜ ਦੇ ਬਦਲ ਵਜੋਂ ਗਲਤ ਸਮਝ ।ਮਿਆਰੀ ਕਲੀਨੀਕਲ ਪ੍ਰੋਟੋਕੋਲ ਦੀ ਘਾਟ ।ਵਿਗਿਆਨਕ ਸਾਵਧਾਨੀ ਬਹੁਤ ਜ਼ਰੂਰੀ ਹੈ ਤਾਂ ਜੋ ਮੈਨਿਫੈਸਟੇਸ਼ਨ ਨੂੰ ਜਾਦੂਈ ਧਾਰਣਾ ਦੀ ਥਾਂ ਇੱਕ ਮਨੋਵਿਗਿਆਨਕ ਸਾਧਨ ਵਜੋਂ ਸਮਝਿਆ ਜਾ ਸਕੇ।

ਵਿਗਿਆਨ ਅਤੇ ਇਲਾਜ਼ ਪ੍ਰਣਾਲੀ ਵਿੱਚ ਮੈਨਿਫੈਸਟੇਸ਼ਨ ਦਾ ਭਵਿੱਖ

ਮੈਨਿਫੈਸਟੇਸ਼ਨ ਦਾ ਭਵਿੱਖ ਮਨੋਵਿਗਿਆਨਕ ਦਖਲਅੰਦਾਜ਼ੀ ਨਾਲ ਬਹੁਤ ਸੁਨਹਿਰੀ ਹੈ। ਸਕਾਰਾਤਮਕ ਮਨੋਵਿਗਿਆਨ, ਮਾਈਂਡਫੁਲਨੈੱਸ-ਆਧਾਰਿਤ ਕੋਗਨਿਟਿਵ ਇਲਾਜ਼ ਪ੍ਰਣਾਲੀ ਅਤੇ ਸਾਈਕੋਸੋਮੈਟਿਕ ਮੈਡੀਸਨ ਵਿੱਚ ਉੱਭਰਦਾ ਰਿਸਰਚ ਇਰਾਦਾ-ਆਧਾਰਿਤ ਸੰਰਚਿਤ ਅਭਿਆਸਾਂ ਨੂੰ ਹੋਰ ਵਿਗਿਆਨਕ ਮਜ਼ਬੂਤੀ ਦੇ ਸਕਦਾ ਹੈ। ਢੁੱਕਵੇਂ ਵਿਗਿਆਨਕ ਢਾਂਚੇ ਨਾਲ, ਮੈਨਿਫੈਸਟੇਸ਼ਨ ਨੂੰ ਮਾਨਸਿਕ ਸਿਹਤ ਪ੍ਰਚਾਰ ਪ੍ਰੋਗਰਾਮਾਂ, ਤਣਾਅ ਪ੍ਰਬੰਧਨ ਵਰਕਸ਼ਾਪਾਂ ਅਤੇ ਰੋਕਥਾਮੀ ਇਲਾਜ਼ ਮਾਡਲਾਂ ਵਿੱਚ ਸ਼ਾਮਲ ਕੀਤਾ ਜਾ ਸਕਦਾ ਹੈ।

ਜਦੋਂ ਮੈਨਿਫੈਸਟੇਸ਼ਨ ਨੂੰ ਇਲਾਜ ਅਤੇ ਵਿਗਿਆਨਕ ਦ੍ਰਿਸ਼ਟੀਕੋਣ ਨਾਲ ਵੇਖਿਆ ਜਾਂਦਾ ਹੈ, ਤਾਂ ਇਹ ਸੋਚ, ਭਾਵਨਾ ਅਤੇ ਵਿਉਹਾਰ 'ਤੇ ਆਧਾਰਿਤ ਇੱਕ ਅਰਥਪੂਰਨ ਮਾਨਸਿਕ ਪ੍ਰਕਿਰਿਆ ਵਜੋਂ ਸਾਹਮਣੇ ਆਉਂਦੀ ਹੈ। ਇਹ ਇਰਾਦੇ, ਸੂਝ-ਬੂਝ ਅਤੇ ਕਰਵਾਈ ਰਾਹੀਂ ਸੁੱਖ ਨੂੰ ਪ੍ਰਭਾਵਿਤ ਕਰਨ ਦੀ ਮਨੁੱਖੀ ਮਨ ਦੀ ਸਮਰੱਥਾ ਨੂੰ ਦਰਸਾਉਂਦੀ ਹੈ। ਇਹ ਕੋਈ ਸੰਪੂਰਨ ਇਲਾਜ਼ ਨਹੀਂ ਹੈ, ਪਰ ਡਿਪ੍ਰੈਸ਼ਨ, ਤਣਾਅ ਅਤੇ ਭਾਵਨਾਤਮਕ ਦਬਾਅ ਦੇ ਪ੍ਰਬੰਧਨ ਵਿੱਚ ਮਾਨਸਿਕ ਸਿਹਤ ਸੰਭਾਲ ਦਾ ਇੱਕ ਕੀਮਤੀ ਸਹਾਇਕ ਸਾਧਨ ਬਣ ਸਕਦੀ ਹੈ। ਇਸਦੀ ਅਸਲੀ ਤਾਕਤ ਸਿਰਫ਼ ਸੋਚ ਰਾਹੀਂ ਹਕੀਕਤ ਬਦਲਣ ਵਿੱਚ ਨਹੀਂ, ਸਗੋਂ ਮਨੁੱਖੀ ਮਨ ਨੂੰ ਹਕੀਕਤ ਨਾਲ ਹੋਰ ਸਚੇਤ, ਰਚਨਾਤਮਕ ਢੰਗ ਨਾਲ ਜੁੜਨ ਲਈ ਤਿਆਰ ਕਰਨ ਵਿੱਚ ਹੈ।

**-ਡਾ. ਸੁਰਿੰਦਰਪਾਲ ਸਿੰਘ, ਵਿਗਿਆਨ ਅਧਿਆਪਕ, ਸ੍ਰੀ ਅੰਮ੍ਰਿਤਸਰ ਸਾਹਿਬ**

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243